1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 106
ਨੰਬਰ 02

੧੯ ਮਾਘ ਤੋਂ ੪ ਫੱਗਣ ੨੦੮੨ ਬਿ.
1 to 15 february 2026

# ਸਤਿ ਜੁਗ

10/-

# ਸ. ਕਿਰਪਾਲ ਸਿੰਘ ਡੰਗ ਦੇ ਭੋਗ ਸਮਾਗਮ ਦੀਆਂ ਫੋਟੋਆਂ

ਮਿਤੀ: 4 ਜਨਵਰੀ 2026, ਨਵੀਂ ਦਿੱਲੀ











# ਸਤਿਜੁਗ

੧੯ ਮਾਘ ਤੋਂ ੪ ਫੱਗਣ ੨੦੮੨ ਬਿ.
1 ਤੋਂ 15 ਫਰਵਰੀ 2026 ਈ.
ਜਿਲਦ 106, ਨੰਬਰ 2

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ....................................................4
* ਗੁਰਬਾਣੀ ਵਿਆਖਿਆ.........................................6
* ਅਸੀਮ ਦਾ ਅਨੁਭਵ
ਐਫ. ਮੈਕਸਮਲਰ.....................................8
* ਸਮਾਜਿਕ ਜੀਵਨ ਸੰਦਰਭ
ਮਨਜੀਤ ਸਿੰਘ (ਦਿੱਲੀ)..............................12
* ਗੁਰਬਾਣੀ ਇਸ ਜਗ ਮਹਿ ਚਾਨਣ
ਮਨਪ੍ਰੀਤ ਕੌਰ.........................................20
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ.............................21
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................24
* **A Girl Child**
**Nirjit Kaur Panesar........................................27**
* **A Message to the Namdhari Youth**
**Harbans Kaur Australia..................................29**
* **Echoes of the BELOVED**
**Sharandeep Kaur...........................................30**
* **MURDER OFBEEF BUTCHERS BY KUKAS**
**Dr. Gurdev Singh Sidhu..................................31**
* ਕਾਵਿ - ਕਿਆਰੀ.............................................36
* ਬੱਚਿਆਂ ਦਾ ਪੰਨਾ...........................................37
* ਸੁੱਚੇ - ਮੋਤੀ..................................................39
* ਖ਼ਬਰਨਾਮਾ....................................................40

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਰੁੱਤ ਚੱਕਰ ਦੀ ਪਹਿਲੀ ਰੁੱਤ ਦਾ ਆਗਮਨ ਹੋ ਗਿਆ ਹੈ। ਇਸ ਰੁੱਤ ਰਾਣੀ ਨੂੰ ਬਹਾਰ/ਬਸੰਤ ਆਖਿਆ ਜਾਂਦਾ ਹੈ। ਜੀਵਨ ਦੀ ਤਾਜਗੀ, ਕੁਦਰਤ ਦਾ ਨਵਾਂਪਨ, ਸਭ ਇਸ ਰੁੱਤ ਦਾ ਚਮਤਕਾਰ ਹੈ। ਇਹ ਰੁੱਤਾਂ ਦਾ ਚਮਤਕਾਰ ਮਨੁੱਖੀ ਮਨ 'ਤੇ ਵੀ ਵਾਪਰਦਾ ਹੈ-

ਰੁਤਿ ਸਰਸ ਬਸੰਤ ਮਾਹ
ਚੇਤੁ ਵੈਸਾਖ ਸੁਖ ਮਾਸੁ ਜੀਉ॥
ਹਰਿ ਜੀਉ ਨਾਹੁ ਮਿਲਿਆ
ਮਉਲਿਆ ਮਨੁ ਤਨੁ ਸਾਸੁ ਜੀਉ॥

ਕੁਦਰਤ ਦਾ ਮਉਲਣਾ ਹੀ ਬਸੰਤ ਹੈ। ਇਸ ਤਰ੍ਹਾਂ ਜੇ ਸਾਡਾ ਮਨ ਮਉਲ (ਅਨੰਦ ਭਰਪੂਰ ਹੋ) ਜਾਵੇ ਤਾਂ ਸਾਡੀ ਬਸੰਤ ਹੈ। ਇਹ ਮਨ ਮਉਲਦਾ ਤਾਂ ਹੈ ਜੇ ਇਸ ਉੱਤੇ ਜੰਮੀ ਕਾਈ (ਮੈਲ) ਸਾਫ਼ ਹੋਵੇ, ਜਿਵੇਂ ਉਹ ਰੁੱਖ ਜਾਂ ਬਨਸਪਤੀ ਹੀ ਬਸੰਤ ਰੁੱਤ ਵਿਚ ਮਉਲਦੀ ਹੈ ਜੋ ਕੋਰੇ, ਕੱਕਰ ਦੀ ਜੰਮੀ ਮੈਲ ਨੂੰ ਖਤਮ ਕਰ ਨਵੀਆਂ ਲਗਰਾਂ ਕੱਢਦੀ ਹੈ। ਇਸ ਕਰਕੇ ਪਹਿਲਾਂ ਜੰਮੀ ਮੈਲ ਮਨੁੱਖੀ ਮਨ ਜੇ ਧੋ ਲਵੇ ਤਾਂ ਉਸ ਲਈ ਬਸੰਤ ਹੈ। ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਫਰਮਾਨ ਕਰਦੇ ਹਨ-

ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ

ਸਾਧੂ/ਗੁਰੂ ਨੂੰ ਮਿਲ ਕੇ ਤੂੰ ਨਵੀਂ ਸ਼ੁਰੂਆਤ ਕਰ ਸਕਦਾ ਹੈ। ਉਹ ਛਾਈ (ਮੈਲ) ਜੋ ਜਨਮ-ਜਨਮ ਤੋਂ ਤੇਰੇ ਨਾਲ ਹੈ, ਉਸ ਨੂੰ ਮੁਕਾਇਆ ਜਾ ਸਕਦਾ ਹੈ। ਮੈਲ ਦਾ ਅੰਤ ਤੇ ਮਨ ਦਾ ਨਿਰਮਲ ਹੋਣਾ ਗੁਰੂ ਗਿਆਨ (ਵਿਚਾਰ) ਨਾਲ ਹੀ ਸੰਭਵ ਹੈ ਕਿਉਂਕਿ ਮਨੁੱਖ ਇਸ ਭਰਮ ਅੰਦਰ ਹੁੰਦਾ ਹੈ ਕਿ ਉਹ ਵਿਚਾਰਵਾਨ ਹੈ ਅਤੇ ਉਹ ਆਪਣੇ ਵਿਚਾਰ (ਗਿਆਨ) ਨਾਲ ਇਸ ਮੈਲ ਨੂੰ ਸਾਫ਼ ਕਰ ਸਕਦਾ ਹੈ ਪਰ ਸੱਚ ਇਹ ਹੈ ਕਿ ਮਨੁੱਖ ਸੁਭਾਵ ਦੇ ਆਸਰੇ ਚਲਦਾ ਹੈ। ਜਨਮ-ਜਨਮਾਂਤਰਾਂ ਦੇ ਬਣੇ ਹੋਏ ਸੁਭਾਅ ਨੂੰ ਠੀਕ ਸਾਬਤ ਕਰਨ ਲਈ ਮਨੁੱਖ ਆਪਣੇ ਵਿਚਾਰ ਨੂੰ ਵਰਤਦਾ ਹੈ। ਹੁਣ ਸੁਭਾਅ ਮਾਇਆ ਨਾਲ ਇਕ-ਮਿਕ ਹੋਇਆ ਵਿਕਾਰਾਂ ਅਧੀਨ ਹੁੰਦਾ ਹੈ। ਸੁਭਾਅ ਅਧੀਨ ਹੋ ਕੇ ਕੀਤੇ ਕਰਮਾਂ ਨੂੰ ਸਹੀ ਸਾਬਤ ਕਰਨ ਲਈ ਮਨੁੱਖ ਵਿਚਾਰ ਦਾ ਪਰਦਾ ਪਾਉਂਦਾ ਹੈ। ਪਰ ਅਗਿਆਨਤਾ ਵੱਸ ਭਟਕਦਾ ਰਹਿੰਦਾ ਹੈ। ਦੂਜਾ ਸਾਡਾ ਗਿਆਨ (ਵਿਚਾਰ) ਸੀਮਿਤ ਹੁੰਦਾ ਹੈ ਜੋ ਆਪਣੇ ਨਿੱਜੀ ਤਜਰਬੇ ਤੋਂ ਅੱਗੇ ਨਹੀਂ ਵੱਧ ਪਾਉਂਦਾ। ਖੂਹ ਦੇ ਡੱਡੂ ਵਾਂਗ ਸਾਡੀ ਹਾਲਤ ਹੁੰਦੀ ਹੈ ਜਿਵੇਂ ਉਸ ਨੇ ਹੰਸ ਨੂੰ ਪੁੱਛਿਆ ਸਮੁੰਦਰ ਕਿੰਨਾ ਵੱਡਾ ਹੈ? ਉਸ ਕਿਹਾ ਬਹੁਤ ਵੱਡਾ, ਡੱਡੂ ਛਾਲ ਮਾਰ ਕੇ ਕਹਿਣ ਲੱਗਾ ਇਨ੍ਹਾਂ ਵੱਡਾ? ਹੰਸ ਨੇ ਕਿਹਾ ਨਹੀਂ, ਬਹੁਤ ਵੱਡਾ। ਦੋ-ਤਿੰਨ ਛਾਲਾਂ ਮਾਰ ਸਾਰਾ ਖੂਹ ਨਾਪ ਕੇ ਕਹਿਣ ਲੱਗਾ ਇਸ ਤੋਂ ਵੱਡਾ ਤਾਂ ਕੀ ਹੋਣਾ ਹੈ। ਇਸ ਕਰਕੇ ਸਾਡਾ ਦਿਮਾਗ ਖੁਦੀ ਦੀਆਂ ਵਲਗਣਾਂ ਤੋਂ ਬਾਹਰ ਨਹੀਂ ਨਿਕਲਦਾ। ਇਸ ਕਰਕੇ ਕਿਸੇ ਪੂਰਨ ਸਾਧੂ/ਗੁਰੂ ਦੀ ਜ਼ਰੂਰਤ ਹਮੇਸ਼ਾ ਇਸ ਮਨੁੱਖੀ ਮਨ ਨੂੰ ਰਹੀ ਹੈ ਜੋ ਆਤਮਕ ਜੀਵਨ ਮਾਣਦਾ ਹੋਵੇ ਜਿਸ ਹਸਤੀ ਨੂੰ ਵੇਖ ਇਸ ਨੂੰ ਆਪਣੀ ਅਗਿਆਨਤਾ ਅਤੇ ਸੁਭਾਉ ਦੀ ਮਲੀਨਤਾ ਦਾ ਪਤਾ ਲੱਗੇ। ਬਾਬਾ ਕੇਸਰ ਸਿੰਘ ਮੁਹਾਵੇ ਵਾਲਿਆਂ ਵਿਸ਼ਿਆਂ ਵਿਚ ਗਲਤਾਨ ਸੋਹਨ ਸਿੰਘ ਭਕਨਾ ਨੂੰ ਕਿਹਾ ਸੀ ਪੁੱਤਰ ਮੈਨੂੰ ਮਿਲਣ ਆ ਜਾਇਆ ਕਰ। ਬਾਬੇ ਨੂੰ ਵੇਖਦਾ-ਵੇਖਦਾ ਸੋਹਨ ਸਿੰਘ ਆਪਣੀ ਮਲੀਨਤਾ ਤੋਂ ਜਾਣੂ ਹੋ ਗਿਆ ਤੇ ਸ਼ੁੱਧ ਕੰਚਨ ਬਣਿਆ। ਇਸ ਤਰ੍ਹਾਂ ਦੀਆਂ ਬਹੁਤ ਉਦਾਹਰਣਾ ਹਨ ਇਤਿਹਾਸ ਅੰਦਰ। ਜਿਥੇ ਸਾਧੂ/ਗੁਰੂ/ਸੰਤ ਨੂੰ ਵੇਖ ਕੁਮਲਾਏ, ਵਿਕਾਰਾਂ ਦੇ ਝੰਬੇ, ਦੁੱਖ ਸਹਿ ਰਹੇ ਮਨਾਂ ਅੰਦਰ ਫਿਰ ਬਸੰਤ ਆ ਗਈ।

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਗੁਰੂ ਨਿਰਮਲ ਸ਼ੀਸ਼ੇ ਨਾਲ ਸਾਡੀ ਅਗਿਆਨਤਾ ਨੂੰ ਸਾਹਮਣੇ ਦਿਖਾ ਦਿੰਦਾ ਹੈ। ਹਉਮੈ ਕਾਰਨ ਸਾਰੀ ਜ਼ਿੰਦਗੀ ਰੁੱਤਾਂ ਦਾ ਪਰਿਵਰਤਨ ਮਨੁੱਖ ਦੇਖਦਾ ਰਹਿੰਦਾ ਹੈ ਪਰ ਮਾਣਦਾ ਨਹੀਂ ਕਿਉਂਕਿ ਮਾਨਣ ਲਈ ਮਨ ਦਾ ਪਰਿਵਰਤਨ ਹੋਣਾ ਜ਼ਰੂਰੀ ਹੈ।

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥
ਇਹੁ ਮਨੁ ਜਲਿਆ ਦੂਜੈ ਦੋਇ॥

ਬਸੰਤ ਦੀ ਅਸਲ ਸਮਝ ਗੁਰੂ ਨੂੰ ਮਿਲਿਆ ਹੀ ਆਉਂਦੀ ਹੈ ਜਦੋਂ ਉਹ ਸਾਡੀ ਖੜੋਤ ਨੂੰ ਤੋੜਦਾ ਹੈ ਤੇ ਭਰਮਾਂ ਭੁਲੇਖਿਆਂ ਵਿਚੋਂ ਕੱਢ ਦਿੰਦਾ ਹੈ। ਜਦੋਂ ਸਾਡੇ ਸਿਰ ਉੱਤੋਂ ਕੋਈ ਜਨਮਾਂ ਜਨਮਾਤਰਾਂ ਦਾ ਭਾਰ ਉਤਾਰ ਦੇਵੇ ਵਾਧੂ ਕਰਮਕਾਂਡਾ 'ਚੋਂ ਕੱਢ ਲਵੇ, ਸ਼ਗਨ, ਅਪਸ਼ਗਨ ਦੇ ਝੇੜੇ ਖਤਮ ਕਰ ਦੇਵੇ ਤਾਂ ਸਮਝੋ ਬਸੰਤ ਦਾ ਆਰੰਭ ਹੋ ਗਿਆ।

ਆਜੁ ਹਮਾਰੈ ਮੰਗਲਚਾਰ॥
ਆਜੁ ਹਮਾਰੈ ਮਹਾ ਅਨੰਦ॥
ਚਿੰਤ ਲਥੀ ਭੇਟੇ ਗੋਬਿੰਦ॥
ਆਜੁ ਹਮਾਰੈ ਗ੍ਰਿਹਿ ਬਸੰਤ॥
ਗੁਨ ਗਾਏ ਪ੍ਰਭ ਤੁਮ ਬੇਅੰਤ॥

........................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਮਃ ੧॥**

**ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥**
ਆਦਮੀ ਜਿੰਨਾ ਜਿਆਦਾ ਲਿਖਦਾ ਤੇ ਪੜ੍ਹਦਾ ਹੈ, ਓਨਾ ਹੀ ਜਿਆਦਾ ਹੰਕਾਰ ਵਿਚ ਸੜਦਾ ਹੈ।
The more one writes and reads materialistically, the more one burns in ego.

**ਬਹੁ ਤੀਰਥ ਭਵਿਆ॥ ਤੇਤੋ ਲਵਿਆ॥**
ਜਿੰਨੇ ਬਹੁਤੇ ਤੀਰਥਾਂ 'ਤੇ ਫਿਰਿਆ, ਓਨਾ ਹੀ ਬਹੁਤਾ ਹੰਕਾਰ ਗ੍ਰਸਤ ਹੋ ਕੇ ਬੋਲਦਾ ਹੈ।
The more one wanders aimlessly in pilgrimages, the more one boasts in ego.

**ਬਹੁ ਭੇਖ ਕੀਆ ਦੇਹੀ ਦੁਖੁ ਦੀਆ॥**
ਬਹੁਤੇ ਮਜ਼੍ਹਬਾਂ ਦੇ ਬਾਣੇ ਤੇ ਚਿੰਨ੍ਹ ਧਾਰਨ ਕਰਕੇ ਸਰੀਰ ਨੂੰ ਵਾਧੂ ਬੋਝ ਦਾ ਦੁੱਖ ਦਿੰਦਾ ਹੈ।
The more one wears religious robes, the more discomfort one causes to the body.

**ਸਹੁ ਵੇ ਜੀਆ ਅਪਣਾ ਕੀਆ॥**
ਹੇ ਜੀਵ! ਆਪਣੇ ਕੀਤੇ ਦਾ ਫਲ ਭੁਗਤ।
Oh Mortal! Endure the consequences of your actions

**ਅੰਨੁ ਨ ਖਾਇਆ ਸਾਦੁ ਗਵਾਇਆ॥**
ਜਿਨ੍ਹਾਂ ਨੇ ਅਨਾਜ ਨਹੀਂ ਖਾਧਾ, ਉਨ੍ਹਾਂ ਨੇ ਸਵਾਦ ਗੁਆ ਲਿਆ।
Those who refrain from food grains, develop insensitivity to taste

**ਬਹੁ ਦੁਖੁ ਪਾਇਆ ਦੂਜਾ ਭਾਇਆ॥**
ਦੂਈ-ਦਵੈਤ ਵਿੱਚ ਵੀ ਇਨਸਾਨ ਨੇ ਬਹੁਤ ਦੁੱਖ ਉਠਾਇਆ ਹੈ।
In the love of duality, one earns great pain.

**ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥**
ਇਹ ਜੀਵ ਕੱਪੜੇ ਨਾ ਪਾ ਕੇ ਦਿਨ ਰਾਤ ਦੁੱਖ ਸਹਿੰਦਾ ਹੈ।
One who does not wear clothes suffers in pain, day and night.

**ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥**
ਕੁਰਾਹੇ ਪੈ ਕੇ ਚੁੱਪ ਧਾਰਨ ਕਰੀ ਬੈਠਾ ਹੈ, ਹਉਮੈ ਦੀ ਨੀਂਦ ਤੋਂ ਗੁਰੂ ਬਿਨਾਂ ਕਿਵੇਂ ਜਾਗੇਗਾ?
One who remains silent unnecessarily is spoiled. Why would one be awake?
Without a Guru, one is fast asleep in ignorance.

**ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥**

ਨੰਗੇ ਪੈਰੀਂ ਫਿਰਨ ਵਾਲਾ ਵੀ ਆਪਣੇ ਕੀਤੇ ਦਾ ਫਲ ਭੋਗਦਾ ਹੈ।

One who remains barefoot bears the fruit of one's actions.

**ਅਲੁ ਮਲੁ ਖਾਈ ਸਿਰਿ ਛਾਈ ਪਾਈ॥**

ਗੰਦ-ਮੰਦ ਖਾ ਲਿਆ ਅਤੇ ਸਿਰ 'ਤੇ ਸੁਆਹ ਵੀ ਪਾ ਲਈ

One has eaten rubbish and covered his head in ashes,

**ਮੂਰਖਿ ਅੰਧੈ ਪਤਿ ਗਵਾਈ॥**

ਹਉਮੈ ਵਿੱਚ ਅੰਨ੍ਹੇ ਨੇ ਆਪਣੀ ਇੱਜ਼ਤ ਗੁਆ ਲਈ।

the fool has lost the honour in blindness.

**ਵਿਣੁ ਨਾਵੈ ਕਿਛੁ ਥਾਇ ਨ ਪਾਈ॥**

ਹਰੀ ਦੇ ਨਾਮ ਤੋਂ ਬਿਨਾਂ ਕਿਤੇ ਵੀ ਢੋਈ ਨਹੀਂ।

Without *Naam*, one will not attain or achieve anything.

**ਰਹੈ ਬੇਬਾਣੀ ਮੜੀ ਮਸਾਣੀ॥ ਅੰਧੁ ਨ ਜਾਣੈ ਫਿਰਿ ਪਛੁਤਾਣੀ॥**

ਜੇ ਕੋਈ ਉਜਾੜ ਜੰਗਲਾਂ ਅਤੇ ਮੜ੍ਹੀਆਂ ਮਸਾਣਾਂ ਵਿੱਚ ਵੀ ਰਹੇਗਾ ਤਾਂ
ਉਹ ਅੰਨ੍ਹਾ ਸੱਚ ਨੂੰ ਨਹੀਂ ਜਾਣਦਾ ਅਤੇ ਫਿਰ ਪਛਤਾਵੇਗਾ।

One who lives in forests, cemetaries and cremation grounds,
does not know the truth and repents later.

**ਸਤਿਗੁਰੁ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥**

ਜਿਸਨੂੰ ਸਤਿਗੁਰੂ ਮਿਲੇਗਾ ਸੁਖ ਤਾਂ ਉਹੋ ਹੀ ਪਾਏਗਾ
ਕਿਉਂਕਿ ਸਤਿਗੁਰੂ ਪਾਸੋਂ ਪ੍ਰਾਪਤ ਹਰੀ ਦਾ ਨਾਮ ਮਨ ਵਿੱਚ ਟਿਕਾ ਲਏਗਾ।

One who has met God receives the truth and
enshrines the name of God in their mind.

**ਨਾਨਕ ਨਦਰਿ ਕਰੇ ਸੋ ਪਾਏ॥**
**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਗੁਰੂ ਮਿਹਰ ਕਰ ਦੇਵੇ ਤਾਂ ਪ੍ਰਭੂ ਨੂੰ ਪਾ ਲਵੇਗਾ,
ਉਹ ਖਾਹਿਸ਼ਾਂ ਅਤੇ ਚਿੰਤਾਵਾਂ ਤੋਂ ਨਿਰਲੇਪ ਹੋ ਕੇ ਗੁਰੂ ਸ਼ਬਦ ਦੁਆਰਾ ਹੰਕਾਰ ਮੁਕਤ ਹੋ ਜਾਵੇਗਾ।

Sri Guru Ji says: when God showers His grace, one obtains Him. Then, one gets
free of aspirations and doubts; with the name of God, one's ego is burnt away.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਅਸੀਮ ਦਾ ਅਨੁਭਵ

**ਐਫ. ਮੈਕਸਮਲਰ**

**ਅਨੁਵਾਦ ਡਾ. ਤਾਰਨ ਸਿੰਘ**

**ਧਰਮ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਵਿਚ ਕਠਨਾਈ**

ਸੋ ਪਰਤੱਖ ਹੈ, ਕਿ ਜਿਉਂ ਹੀ ਧਰਮ ਦੀ ਕੋਈ ਪਰਿਭਾਸ਼ਾ ਪੇਸ਼ ਕੀਤੀ ਜਾਂਦੀ ਹੈ, ਝੱਟ ਉਦੋਂ ਹੀ ਇਕ ਹੋਰ ਪਰਿਭਾਸ਼ਾ ਉੱਭਰ ਪੈਂਦੀ ਹੈ ਜੋ ਉਸ ਨੂੰ ਮੰਨਣ ਤੋਂ ਬਿਲਕੁਲ ਇਨਕਾਰੀ ਹੁੰਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਸੰਸਾਰ ਵਿਚ ਲੱਗਭਗ ਧਰਮ ਦੀਆਂ ਉਨੀਆਂ ਹੀ ਪ੍ਰਭਾਸ਼ਾਵਾਂ ਹਨ ਜਿੰਨੇ ਕਿ ਸੰਸਾਰ ਵਿਚ ਧਰਮ ਹਨ; ਅਤੇ ਇਨ੍ਹਾਂ ਪ੍ਰਭਾਸ਼ਾਵਾਂ ਦੇ ਦੇਣ ਵਾਲਿਆਂ ਵਿਚ ਉਸੇ ਤਰ੍ਹਾਂ ਦੀ ਵੈਰ-ਭਾਵਨਾ ਹੈ ਜਿਵੇਂ ਵੱਖੋ-ਵੱਖ ਧਰਮਾਂ ਦੇ ਅਨੁਯਾਈਆਂ ਵਿਚ ਹੈ । ਫਿਰ ਕੀ ਕੀਤਾ ਜਾਏ? ਕੀ ਧਰਮ ਦੀ ਕੋਈ ਐਸੀ ਪਰਿਭਾਸ਼ਾ ਪੇਸ਼ ਕਰਨਾ ਅਸੰਭਵ ਹੈ ਜੋ ਕਿ ਹਰ ਉਸ ਗਲ ਤੇ ਲਾਗੂ ਹੋ ਸਕੇ ਜਿਸ ਨੂੰ ਕਦੇ ਧਰਮ ਜਾਂ ਕੁਝ ਇਹੋ ਜਿਹਾ, ਮੰਨਿਆ ਜਾਂਦਾ ਰਿਹਾ ਹੈ। ਮੇਰਾ ਵਿਸ਼ਵਾਸ ਹੈ ਕਿ ਐਸੀ ਪਰਿਭਾਸ਼ਾ ਦੇ ਸਕਣਾ ਸੰਭਵ ਹੈ, ਅਤੇ ਤੁਸੀਂ ਵੀ ਭਾਂਪ ਗਏ ਹੋਵੋਗੇ ਕਿ ਕਿਉਂ? ਧਰਮ ਇਕ ਐਸੀ ਚੀਜ਼ ਹੈ ਜਿਸ ਦਾ ਇਤਿਹਾਸਕ ਵਿਕਾਸ ਹੋਇਆ ਹੈ ਅਤੇ ਹੁਣ ਵੀ ਹੋ ਰਿਹਾ ਹੈ, ਤੇ ਇਸ ਲਈ ਜੋ ਕੁਝ ਕਰਨਾ ਚਾਹੀਦਾ ਹੈ ਉਹ ਇਹ ਹੈ ਕਿ ਅਸੀਂ ਧਰਮ ਦੇ ਅਰੰਭ ਤੀਕ ਪੁਜੀਏ ਤੇ ਫਿਰ ਇਸ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਦਾ ਯਤਨ ਕਰੀਏ।

**ਧਰਮ ਦਾ ਨਿਸ਼ਚਿਤ ਲੱਛਣ**

ਭਾਵੇਂ ਧਰਮ ਦੀ ਇਕ ਸੰਪੂਰਣ ਪਰਿਭਾਸ਼ਾ ਜਾਂ ਉਸ ਸਭ ਕਾਸੇ ਦਾ ਪੂਰਨ ਬ੍ਰਿਤਾਂਤ ਜਿਸ ਨੂੰ ਧਰਮ ਕਿਹਾ ਜਾਂਦਾ ਰਿਹਾ ਹੈ ਦੇਣਾ ਅਸੰਭਵ ਹੈ, ਪਰ ਜੋ ਕੁਝ ਸੰਭਵ ਹੈ ਉਹ ਇਹ ਹੈ ਕਿ ਅਸੀਂ ਧਰਮ ਦਾ ਐਸਾ ਕੋਈ ਨਿਸਚਿਤ ਲਛਣ ਲਭੀਏ ਜੋ ਧਾਰਮਿਕ ਚੇਤਨਾ ਦੀਆਂ ਵਸਤਾਂ ਨੂੰ ਦੂਜੀਆਂ ਹੋਰ ਵਸਤੂਆਂ ਤੋਂ ਨਿਖੇੜ ਸਕੇ ਅਤੇ ਨਾਲ ਹੀ ਸਾਡੀ ਉਸ ਚੇਤਨਾ ਨੂੰ ਜੋ ਧਰਮ ਦੀਆਂ ਵਸਤਾਂ ਨਾਲ ਸੰਬੰਧਿਤ ਹੁੰਦੀ ਹੈ, ਉਸ ਚੇਤਨਾ ਨਾਲੋਂ ਨਿਖੇੜ ਸਕੇ ਜੋ ਉਨ੍ਹਾਂ ਵਸਤਾਂ ਨਾਲ ਸੰਬੰਧਿਤ ਹੁੰਦੀ ਹੈ ਜਿਨ੍ਹਾਂ ਦਾ ਗਿਆਨ ਸਾਨੂੰ ਇੰਦਰੀਆਂ ਤੇ ਬੁੱਧੀ ਦੁਆਰਾ ਹੁੰਦਾ ਹੈ। ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਧਰਮ ਵਾਲੀ ਚੇਤਨਾ ਹੀ ਵਖਰੀ ਹੈ। ਚੇਤਨਾ ਕੇਵਲ ਇਕ ਹੀ ਹੈ, ਭਾਵੇਂ ਭਿੰਨ ਵਸਤਾਂ ਦੇ ਸੰਪਰਕ ਵਿਚ ਆਉਂਦਿਆਂ ਇਹ ਚੇਤਨਾ ਬਦਲਦੀ ਰਹਿੰਦੀ ਹੈ। ਅਸੀਂ ਗਿਆਨ (sense) ਤੇ ਵਿਵੇਕ (reason) ਵਿਚ ਫਰਕ ਮੰਨਦੇ ਹਾਂ। ਭਾਵੇਂ ਇਹ ਦੋਵੇਂ ਵੀ ਆਪਣੇ ਸ੍ਰੇਸ਼ਟ ਰੂਪ ਵਿਚ, ਇਕੋ ਹੀ ਚੇਤਨਤਾ ਦੇ ਭਿੰਨ ਕਰਮ ਹਨ। ਇਸੇ ਤਰ੍ਹਾਂ ਹੀ ਜਦੋਂ ਅਸੀਂ ਵਿਸ਼ਵਾਸ ਨੂੰ ਮਨੁੱਖ ਵਿਚਲੀ ਧਾਰਮਿਕ ਪ੍ਰਕ੍ਰਿਆ ਕਹਿੰਦੇ ਹਾਂ, ਤਾਂ ਸਾਡਾ ਭਾਵ ਕੇਵਲ ਇਨਾਂ ਹੀ ਹੋ ਸਕਦਾ ਹੈ ਕਿ ਸਾਡੀ ਸਾਧਾਰਨ ਚੇਤਨਾ ਇਤਨੀ ਵਿਕਸਿਤ ਹੋ ਚੁਕੀ ਹੈ ਤੇ ਭਿੰਨ ਹੋ ਗਈ ਹੈ ਕਿ ਉਹ ਸਾਨੂੰ ਧਾਰਮਿਕ ਵਸਤਾਂ ਦੇ ਅਨੁਭਵ ਕਰਨ ਵਿਚ ਸਹਾਈ ਹੋ ਸਕੀ ਹੈ। ਇਸ ਦਾ ਭਾਵ ਇਹ ਨਹੀਂ ਹੈ ਕਿ ਪਹਿਲੀ ਅਨੁਭਵਤਾ ਦੇ ਨਾਲ ਨਵੀਂ ਅਨੁਭਵਤਾ, ਜਾਂ ਸਾਧਾਰਨ ਬੁੱਧੀ ਦੇ ਨਾਲ ਨਵੀਂ ਬੁੱਧੀ ਜਾਂ ਆਤਮਾ ਦੇ ਨਾਲ ਨਵੀਂ ਆਤਮਾ, ਉਤਪੰਨ ਹੋ ਗਈ ਹੈ। ਇਸ ਦਾ ਭਾਵ ਕੇਵਲ ਇਨਾ ਹੈ ਕਿ ਪਹਿਲੀ ਚੇਤਨਾ ਦਾ ਹੀ ਵਾਹ ਨਵੀਆਂ ਵਸਤਾਂ ਨਾਲ ਪੈ ਗਿਆ ਹੈ, ਅਤੇ ਉਸ ਤੇ ਨਵੇਂ ਪ੍ਰਤਿਕਰਮ ਹੋਏ ਹਨ। ਧਰਮ ਦੀ ਯਥਾਰਥਕਤਾ ਨੂੰ ਜਿਵੇਂ ਕਿ ਉਹ ਹਰ ਥਾਂ ਵਿਦਮਾਨ ਹੈ, ਦਰਸਾਣ ਲਈ, ਵਿਸ਼ਵਾਸ ਨੂੰ ਆਮ ਚੇਤਨਾ ਤੋਂ ਵੱਖਰੀ ਪ੍ਰਕ੍ਰਿਆ ਜਾਂ ਸ਼ਕਤੀ ਜਾਂ ਆਸਤਕ ਪਰਵਿਰਤੀ ਮੰਨਣਾ, ਇਸੇ ਤਰ੍ਹਾਂ ਹੀ ਹੋਵੇਗਾ ਜਿਵੇਂ ਕਿ 'ਜੀਵਨ' ਨੂੰ ਦਰਸਾਣ ਲਈ 'ਜੀਵਨ-ਸੱਤਾ' ਨੂੰ ਭਿੰਨ ਪਰਵਾਨ ਕਰਨਾ। ਇਹ ਤੇ ਕੇਵਲ ਸ਼ਬਦਾਂ ਦੀ ਲੀਲ੍ਹਾ ਹੀ ਹੋਵੇਗੀ ਜਾਂ ਸੱਚ ਨਾਲ ਖੇਡਣ ਵਾਲੀ ਗੱਲ। ਇਹੋ ਜਿਹੀਆਂ ਵਿਆਖਿਆਵਾਂ ਕਦੇ ਕੰਮ ਸਾਰ ਜਾਂਦੀਆਂ ਰਹੀਆਂ ਹੋਣੀਆਂ ਹਨ, ਪਰ ਹੁਣ ਤੇ ਘੋਲ ਇਤਨਾ ਵਧ ਗਿਆ ਹੈ ਕਿ ਇਹੋ ਜਹੀਆਂ ਗੱਲਾਂ ਦੇ ਆਧਾਰ ਤੇ ਸਮਝੌਤਾ ਹੋ ਜਾਣਾ ਸੰਭਵ ਨਹੀਂ ਹੈ।

**ਧਰਮ : ਅਸੀਮ ਦੇ ਅਨੁਭਵ ਲਈ ਅੰਤਰੀਵ ਸ਼ਕਤੀ**

ਸੰਨ 1873 ਈ. ਵਿੱਚ, ਧਰਮ ਦੇ ਵਿਗਿਆਨ ਸਬੰਧੀ ਜੋ ਆਰੰਭਕ ਭਾਸ਼ਨ ਰਾਇਲ ਇੰਨਸਟੀਚੂਸ਼ਨ (Royal Insittuiton) ਵਿੱਚ ਮੈਂ ਦਿੱਤੇ ਸਨ, ਉਨ੍ਹਾਂ ਵਿਚ ਧਰਮ ਦੇ ਅੰਤਰੀਵੀ ਅਨੁਭਵ, ਜਾਂ ਜਿਸ ਨੂੰ ਆਮ ਕਰਕੇ ਵਿਸ਼ਵਾਸ ਕਿਹਾ ਜਾਂਦਾ ਹੈ, ਦੀ ਨਿਮਨ ਦਰਜ ਸ਼ਬਦਾਂ ਵਿਚ ਪਰਿਭਾਸ਼ਾ ਮੈਂ ਦਿੱਤੀ ਸੀ:

"ਧਰਮ ਉਹ ਦਿਮਾਗੀ ਸ਼ਕਤੀ ਹੈ ਜਿਹੜੀ ਅਨੁਭਵ

*** ਆਰਟੀਕਲ 'ਅਸੀਮ ਦਾ ਅਨੁਭਵ' ਵਿਚੋਂ ਕੁਝ ਅੰਸ਼**

ਅਤੇ ਬੁੱਧੀ ਤੋਂ ਸੁਤੰਤਰ ਰਹਿ 'ਕੇ ਸਗੋਂ ਇਨ੍ਹਾਂ ਦੇ ਬਾਵਜੂਦ, ਮਨੁੱਖ ਨੂੰ ਅਸੀਮ ਦੀ ਸੋਝੀ, ਭਿੰਨ ਨਾਮਾਂ ਤੇ ਰੂਪਾਂ ਵਿਚ, ਪ੍ਰਾਪਤ ਕਰਨ ਦੇ ਸਮਰਥ ਕਰਦੀ ਹੈ। ਇਸ ਸ਼ਕਤੀ ਤੋਂ ਬਿਨਾਂ ਕੋਈ ਧਰਮ ਭਾਵੇਂ ਉਹ ਅਤਿ ਨੀਵੇਂ ਦਰਜੇ ਦੀ ਬੁੱਤ-ਪੂਜਾ ਜਾਂ ਜੜ-ਪੂਜਾ ਦਾ ਧਰਮ ਹੀ ਹੋਵੇ, ਸੰਭਵ ਨਹੀਂ ਸੀ ਹੋਣਾ। ਜੇ ਅਸੀਂ ਕੇਵਲ ਧਿਆਨ ਨਾਲ ਸੁਣੀਏ ਤਾਂ ਸਾਨੂੰ ਹਰ ਧਰਮ ਵਿਚ ਆਤਮਾ ਦੀ ਇਕ ਲਾਲਸਾ ਦਿਸੇਗੀ ਜਿਹੜੀ ਉਸ ਨੂੰ ਸਮਝਣ ਦਾ ਜਤਨ ਕਰ ਰਹੀ ਹੈ ਜੋ ਸਮਝ ਤੋਂ ਪਰੇ ਹੈ, ਜਿਹੜੀ ਉਸ ਨੂੰ ਕਥਨ ਕਰਨ ਦਾ ਜਤਨ ਕਰ ਰਹੀ ਹੈ ਜੋ ਅਕਥ ਹੈ, ਜਿਹੜੀ ਅਨੰਤ ਲਈ ਲਗਨ ਹੈ, ਜਿਹੜੀ ਪ੍ਰਭੂ-ਪ੍ਰੇਮ ਹੈ।''

ਇਹ ਟੂਕ ਮੈਂ ਇਸ ਲਈ ਇਥੇ ਨਹੀਂ ਦੇ ਰਿਹਾ ਕਿ ਹੁਣ ਵੀ ਮੈਂ ਇਸ ਦੇ ਹਰ ਸ਼ਬਦ ਨਾਲ ਸਹਿਮਤ ਹਾਂ। ਜੋ ਕੁਝ ਵਰ੍ਹੇ ਪਹਿਲਾਂ ਮੈਂ ਲਿਖਿਆ ਹੈ, ਉਸ ਨਾਲ ਮੈਂ ਆਪ ਹੁਣ ਘਟ ਹੀ ਸਹਿਮਤ ਹਾਂ। ਮੇਰੀ ਇਸ ਦਿੱਤੀ ਪਰਿਭਾਸ਼ਾ ਵਿਰੁੱਧ ਜੋ ਇਤਰਾਜ਼ ਹੁਣ ਤੀਕ ਉਠਾਏ ਗਏ ਹਨ ਉਨ੍ਹਾਂ ਦੀ ਸਾਰਥਕਤਾ ਮੈਂ ਪੂਰੀ ਤਰ੍ਹਾਂ ਪਰਵਾਨ ਕਰਦਾ ਹਾਂ, ਪਰ ਫਿਰ ਵੀ ਮੇਰਾ ਵਿਚਾਰ ਹੈ ਕਿ ਇਸ ਪਰਿਭਾਸ਼ਾ ਵਿਚਲਾ ਬੁਨਿਆਦੀ ਖਿਆਲ ਠੀਕ ਹੈ। ਮੈਂ ਇਸ ਪਰਿਭਾਸ਼ਾ ਨੂੰ ਮੁਕੰਮਲ ਤੇ ਪੂਰਨ ਨਹੀਂ ਕਹਿ ਸਕਦਾ, ਪਰ ਮੇਰਾ ਵਿਸ਼ਵਾਸ਼ ਹੈ ਕਿ ਇਹ ਧਰਮ ਦੇ ਉਹ ਲੱਛਣ ਦਸਦੀ ਹੈ ਜੋ ਧਾਰਮਿਕ ਚੇਤਨਾ ਨੂੰ ਹੋਰ ਇੰਦ੍ਰੀ-ਚੇਤਨਾ ਜਾਂ ਵਿਵੇਕੀ ਚੇਤਨਾ ਤੋਂ ਨਿਖੇੜਦੇ ਹਨ।

ਮੇਰੀ ਪੇਸ਼ ਕੀਤੀ ਪਰਿਭਾਸ਼ਾ ਵਿਰੁੱਧ ਇਤਰਾਜ਼ ਇਹ ਰਿਹਾ ਹੈ ਕਿ ਮੈਂ ਧਰਮ ਨੂੰ ਦਿਮਾਗੀ ਸ਼ਕਤੀ (facult) ਕਿਹਾ ਹੈ 'ਸ਼ਕਤੀ (Faculty) ਸ਼ਬਦ ਦੀ ਵਰਤੋਂ ਨੇ ਕਈ ਚਿੰਤਕਾਂ ਦੇ ਗੁੱਸੇ ਨੂੰ ਉਭਾਰਿਆ ਹੈ, ਅਤੇ ਕਿਸੇ ਹਦ ਤੀਕ ਮੈਂ ਉਨ੍ਹਾਂ ਦੇ ਇਤਰਾਜ਼ ਨੂੰ ਠੀਕ ਸਵੀਕਾਰ ਕਰਦਾ ਹਾਂ। ਇਹ ਮੰਨਿਆ ਗਿਆ ਪ੍ਰਤੀਤ ਹੁੰਦਾ ਹੈ ਕਿ 'ਸ਼ਕਤੀ' (Faculty) ਐਸਾ ਸ਼ਬਦ ਹੈ ਜੋ ਕਿਸੇ ਠੋਸ ਵਸਤੂ ਦਾ ਸੰਕੇਤ ਦਿੰਦਾ ਹੈ, ਜਿਵੇਂ ਕਿ ਇਕ ਕਮਾਣੀ ਜੋ ਕਿਸੇ ਯੰਤਰ ਨੂੰ ਹਰਕਤ ਦਿੰਦੀ ਹੈ, ਜਾਂ ਇਕ ਬੀਜ ਦਾ ਦਾਣਾ ਜੋ ਹੱਥ ਵਿਚ ਫੜਿਆ ਜਾ ਸਕਦਾ ਹੈ, ਅਤੇ ਉੱਗ ਪਏਗਾ: ਜੇ ਯੋਗ ਧਰਤੀ ਵਿਚ ਬੀਜ ਜਾਂ ਲਗਾ ਦਿੱਤਾ ਜਾਵੇ।

ਪਰ 'ਸ਼ਕਤੀ' (faculty) ਤਾਂ ਇਕ ਕਾਰਜ-ਵਿਧੀ ਨੂੰ ਪ੍ਰਗਟ ਕਰਦੀ ਹੈ, ਨਾ ਕਿ ਕਿਸੇ ਠੋਸ ਵਸਤੂ ਨੂੰ। 'ਸ਼ਕਤੀਆਂ' (faculites) ਨਾ ਦੇਵ ਹਨ ਨਾ ਭੂਤ, ਨਾ ਅਧਿਕਾਰ ਹਨ ਨਾ ਰਾਜਗੀਰੀ। ਸ਼ਕਤੀਆਂ ਤਾਂ ਉਸੇ ਤਰਾਂ ਵਸਤਾਂ ਵਿਚ ਲੁਪਤ ਹੁੰਦੀਆਂ ਹਨ ਜਿਵੇਂ ਬਲ ਤੇ ਤਾਕਤ। ਅਸੀਂ ਆਮ ਕਰਕੇ ਚੇਤਨ ਵਸਤਾਂ ਦੇ ਸਬੰਧ ਵਿੱਚ 'ਸ਼ਕਤੀਆਂ' ਕਹਿੰਦੇ ਹਾਂ ਅਤੇ ਅਚੇਤ ਵਸਤਾਂ ਦੇ ਸਬੰਧ ਵਿੱਚ ਬਲ ਜਾਂ ਤਾਕਤ। ਹੁਣ ਸਾਨੂੰ ਗਿਆਨ ਹੈ ਕਿ ਵਸਤੂ ਤੋਂ ਬਿਨਾ ਬਲ ਨਹੀਂ ਹੈ ਅਤੇ ਕੋਈ ਵਸਤੂ ਐਸੀ ਨਹੀਂ ਹੈ ਜਿਸ ਵਿਚ ਬਲ ਨਾ ਹੋਵੇ। ਉਦਾਹਰਣ ਵਜੋਂ, ਜੇ ਅਸੀਂ ਕਹੀਏ ਕਿ 'ਗੁਰੂਤਾ' (graivty) ਆਪਣੇ ਆਪ ਵਿਚ ਕੋਈ ਵਸਤੂ ਹੈ, ਤਾਂ ਇਹ ਨਿਰੀ ਮਿਥ ਹੋਵੇਗੀ, ਤੇ ਇਸ ਤਰ੍ਹਾਂ ਜੇ 'ਗੁਰੂਤਾ' ਦੇ ਨੇਮ ਦਾ ਪਤਾ ਰੋਮ ਵਿੱਚ ਲੱਗਾ ਹੁੰਦਾ ਤਾਂ ਉਥੇ 'ਗੁਰੂਤਾ' ਦੇਵੀ ਦੇ ਨਾਂ ਤੇ ਕੋਈ ਮੰਦਰ ਵੀ ਬਣਾ ਦਿੱਤਾ ਗਿਆ ਹੁੰਦਾ। ਹੁਣ ਦੇ ਜੁਗ ਵਿੱਚ ਅਸੀਂ ਐਸੇ ਮੰਦਰ ਤੇ ਨਹੀਂ ਬਣਾਉਂਦੇ, ਪਰ ਜਿਸ ਤਰ੍ਹਾਂ ਕਈ ਪ੍ਰਕ੍ਰਿਤੀ-ਵਿਗਿਆਨ ਦੇ ਚਿੰਤਕ 'ਗੁਰੂਤਾ' ਬਾਰੇ ਗੱਲ ਕਰਦੇ ਹਨ ਉਹ ਮਿਥਿਹਾਸਕਾਰੀ ਤੋਂ ਘੱਟ ਵੀ ਨਹੀਂ ਹੈ। ਮੈਂ ਮੰਨਦਾ ਹਾਂ ਕਿ ਜਿਸ ਤਰ੍ਹਾਂ ਕਈ ਚਿੰਤਕ ਸਾਡੀਆਂ ਦਿਮਾਗੀ 'ਸ਼ਕਤੀਆਂ' (faculites) ਬਾਰੇ ਗੱਲਾਂ ਕਰਦੇ ਹਨ, ਉਸ ਵਿਚ ਉਪਰਲੀ ਹਾਲਤ ਵਾਪਰਨ ਦਾ ਤੌਖਲਾ ਹੈ। ਸਾਨੂੰ ਪਤਾ ਹੈ ਕਿ ਘੱਟੋ-ਘੱਟ ਇਕ 'ਸ਼ਕਤੀ' (faculty) ਜਿਸ ਨੂੰ 'ਬੁੱਧੀ' (reason) ਕਹਿੰਦੇ ਹਨ, ਉਸ ਦਾ ਪੂਜਾ-ਸਥਾਨ, ਥੋੜਾ ਸਮਾਂ ਹੋਇਆ ਬਣਿਆ ਸੀ। ਜੇ 'ਸ਼ਕਤੀ' ਸ਼ਬਦ (faculty) ਦੇ ਅਰਥ ਦੋ ਜਾਂ ਵੱਧ ਹੋ ਸਕਦੇ ਹਨ ਅਤੇ ਜੇ ਇਸ ਦੀ ਵਰਤੋਂ ਅਰਥ ਨੂੰ ਤੌਖਲੇ ਵਿਚ ਪਾ ਦਿੰਦੀ ਹੈ, ਜਾਂ ਜੇ ਇਹ ਸ਼ਬਦ ਆਮ ਪਰਚਲਤ ਨਹੀਂ ਹੈ ਤਾਂ ਸਾਨੂੰ ਇਸ ਦਾ ਜ਼ਰੂਰ ਤਿਆਗ ਕਰ ਦੇਣਾ ਚਾਹੀਦਾ ਹੈ। ਇਸ ਦੀ ਥਾਂ ਮੈਂ 'ਕ੍ਰਿਆਸ਼ੀਲ ਤੇਜ' (potenital energy) ਦੀ ਵਰਤੋਂ ਕਰਨ ਲਈ ਵੀ ਬਿਲਕੁਲ ਤਿਆਰ ਹਾਂ, ਅਤੇ ਧਰਮ ਦੀ ਅੰਤ੍ਰੀਵ ਪੱਖ ਦੀ ਪਰਿਭਾਸ਼ਾ ਇਹ ਮੰਨਣ ਨੂੰ ਤਿਆਰ ਹਾਂ ਕਿ ਇਹ ਕ੍ਰਿਆਸ਼ੀਲ ਤੇਜ ਹੈ ਜੋ ਮਨੁੱਖ ਨੂੰ ਅਨੰਤ ਦੀ ਸੋਝੀ ਦੇ ਜੋਗ ਬਣਾਉਂਦਾ ਹੈ। ਜੇ ਅੰਗਰੇਜ਼ੀ ਬੋਲੀ ਇਹ ਆਗਿਆ ਦਿੰਦੀ ਹੋਵੇ ਤਾਂ ਮੈਂ ਸੁਝਾ ਦੇਣਾ ਚਾਹਾਂਗਾ ਕਿ 'ਸ਼ਕਤੀ' (faculty) ਦੀ ਥਾਂ 'ਅੱਜ-ਨਹੀਂ' (not-yet) ਰੱਖ ਦਿਤਾ ਜਾਵੇ, ਅਤੇ ਬੋਲੀ ਤੇ ਧਰਮ ਦੀਆਂ 'ਸ਼ਕਤੀਆਂ' ਤੇ 'ਕ੍ਰਿਆਸ਼ੀਲ ਤੇਜ' ਦੀ ਥਾਂ ਉਨ੍ਹਾਂ ਦੇ 'ਅਜੇ-ਨਹੀਂ'' (ਜੋ ਰੂਪਮਾਨ ਨਹੀਂ ਹੋਇਆ, ਅਪ੍ਰਗਟ) ਸ਼ਬਦ ਵਰਤਿਆ ਜਾਏ।

ਪ੍ਰੋ: ਪਫ਼ਲੰਡਰ (Pfliederer) ਜਿਨ੍ਹਾਂ ਨੇ ਧਰਮ ਵਿਗਿਆਨ ਸਬੰਧੀ ਬੜੇ ਉੱਤਮ ਵਿਚਾਰ ਦਿਤੇ ਹਨ, ਨੇ ਮੇਰੀ ਪੇਸ਼ ਕੀਤੀ ਪਰਿਭਾਸ਼ਾ ਵਿਚ ਇਹ ਨੁਕਸ ਦੇਖਿਆ ਹੈ ਕਿ ਇਸ ਵਿਚ ਨਾ ਕੇਵਲ 'ਸ਼ਕਤੀ' (facultas, faculty) ਨੂੰ ਹੀ ਮੰਨਿਆ ਗਿਆ ਸਗੋਂ 'ਅਲੌਕਿਕ ਸ਼ਕਤੀ (facultas occulta, faculty) ਨੂੰ ਹੀ ਮੰਨਿਆ ਗਿਆ ਹੈ। ਇਥੇ ਵੀ

ਸਾਰਾ ਭੇਦ ਇਸ ਗਲ ਨਾਲ ਪੈਣਾ ਹੈ ਕਿ ਅਸੀਂ 'ਅਲੌਕਿਕ ਸ਼ਕਤੀ ਤੋਂ ਕੀ ਭਾਵ ਲੈਂਦੇ ਹਾਂ। ਜੇ ਇਸ ਦਾ ਭਾਵ ਇਨ੍ਹਾਂ ਹੀ ਹੋਵੇ ਕਿ ਮਨੁੱਖ ਵਿਚ, ਵਿਅਕਤੀਗਤਿ ਅਤੇ ਕਬੀਲੇ ਦੇ ਰੂਪ ਵਿਚ ਕੋਈ ਐਸੀ ਚੀਜ਼ ਹੈ ਜਿਹੜੀ ਅਨੁਭਵ, ਸੰਕਲਪ ਤੇ ਵਿਸ਼ਵਾਸ਼ ਦੁਆਰਾ ਅਸੀਮ ਭਾਵ ਦੀ ਸੋਝੀ ਦਾ ਰੂਪ ਧਾਰਨ ਕਰਦੀ ਹੈ, ਤਾਂ ਮੈਂ ਪੂਰੀ ਤਰ੍ਹਾਂ 'ਅਲੌਕਿਕ ਸ਼ਕਤੀ (faculta occulta) ਦੀ ਹੋਂਦ ਮੰਨਦਾ ਹਾਂ। ਹਰ ਉਹ ਚੀਜ਼ ਜਿਹੜੀ ਉਨੱਤ ਤੇ ਵਿਕਸਿਤ ਹੁੰਦੀ ਹੈ ਇਕ ਦ੍ਰਿਸ਼ਟੀਕੋਨ ਤੋਂ 'ਅਲੌਕਿਕ' ਮੰਨੀ ਜਾ ਸਕਦੀ ਹੈ। ਇਹ ਕਥਨ ਕੇਵਲ 'ਵਿਸ਼ ਵਾਸ਼ ਸ਼ਕਤੀ ਬਾਰੇ ਹੀ ਠੀਕ ਨਹੀਂ ਹੈ, ਸਗੋਂ ਉਸੇ ਤਰ੍ਹਾਂ 'ਅਨੁਭਵ ਤੇ ਬੁੱਧੀ ਬਾਰੇ ਵੀ ਠੀਕ ਹੈ।

**ਅਨੁਭਵ, ਬੁੱਧੀ ਤੇ ਵਿਸ਼ਵਾਸ ਦੇ ਤਿੰਨ ਕਰਤੱਵ**

ਦੂਜੇ, ਮੇਰੀ ਪੇਸ਼ ਕੀਤੀ ਪਰਿਭਾਸ਼ਾ ਬਾਰੇ ਇਹ ਇਤਰਾਜ਼ ਕੀਤਾ ਗਿਆ ਹੈ ਕਿ ਧਰਮ ਦੇ ਇਸ ਭਾਵ ਵਿਚ ਕੁਝ ਗੋਝ ਰਹੱਸਮਈਅਤਾ ਹੈ। ਜਿਥੋਂ ਤੀਕ ਮੇਰਾ ਸਬੰਧ ਹੈ, ਮੈਂ ਤੇ ਸਹਿਮਤ ਨਹੀਂ ਕਿ ਚੇਤਨਾ ਦੇ ਅਨੁਭਵੀ ਤੇ ਬੌਧਿਕ ਕਰਤਵਾਂ ਨਾਲ ਜੇ ਤੀਜਾ ਕਰਤਵ 'ਅਸੀਮ' ਦੀ ਸੋਝੀ ਮੰਨ ਲਿਆ ਜਾਵੇ ਤਾਂ ਮਨੋ ਵਿਗਿਆਨ ਵਿਚ ਕਿਵੇਂ ਰਹਸਮਈ-ਅਤਾ ਆ ਜਾਂਦੀ ਹੈ। ਸਾਰੇ ਧਰਮ ਗਿਆਨ ਦੇ ਜ਼ਰੂਰੀ ਪੱਖਾਂ ਵਿਚੋਂ ਇਕ ਇਹ ਵੀ ਮੰਨਿਆ ਗਿਆ ਹੈ ਕਿ ਕੁਝ ਵਸਤੂ ਜਾਂ ਵਜੂਦ ਐਸੇ ਹਨ ਜੋ ਨਾ ਤਾਂ ਇੰਦ੍ਰਿਆਂ ਦੁਆਰਾ ਅਨੁਭਵ ਹੋ ਸਕਦੇ ਹਨ ਅਤੇ ਨਾ ਬੁੱਧੀ ਨਾਲ ਸਮਝੇ ਜਾ ਸਕਦੇ ਹਨ। ਸੋ ਇੰਦ੍ਰੀ ਅਨੁਭਵ ਤੇ ਬੁੱਧੀ, ਆਪਣੇ ਸਾਧਾਰਨ ਅਰਥਾਂ ਵਿਚ ਤੇ, ਉਨ੍ਹਾਂ ਵਸਤਾਂ ਜਾਂ ਵਜੂਦਾਂ ਦੇ ਜਾਣਨ ਲਈ ਸਮਰਥ ਨਹੀਂ ਹਨ। ਤਾਂ ਤੇ, ਜੇ ਅਸੀਂ ਖੁਲ੍ਹੇ ਤੌਰ ਤੇ ਆਪਣੀ ਚੇਤਨਾ ਦਾ ਇਕ ਤੀਜਾ ਕਰਤਵ ਇਹ ਮੰਨ ਲਈਏ ਕਿ ਉਹ 'ਅਸੀਮ' ਦਾ ਅਨੁਭਵ ਕਰ ਸਕਦੀ ਹੈ, ਤਾਂ ਇਹ ਕਰਤਵ ਇੰਦ੍ਰਿਆਂ ਤੇ ਬੁੱਧੀ ਦੇ ਉਚੇਰੇ ਕਰਤੱਵ ਤੋਂ ਵੱਧ ਰਹੱਸਮਈ ਨਹੀਂ ਮੰਨਿਆ ਜਾਣਾ ਚਾਹੀਦਾ। ਸੱਚੀ ਗੱਲ ਤੇ ਇਹ ਹੈ ਕਿ ਇੰਦ੍ਰੀ-ਅਨੁਭਵ ਤੋਂ ਵੱਧ ਰਹੱਸਮਈ ਕੁੱਝ ਵੀ ਨਹੀਂ ਹੈ। ਇਹ ਸਾਰੇ ਰਹੱਸਾਂ ਦਾ ਰਹੱਸ ਹੈ। ਪਰ ਇਸ ਨੂੰ ਅਸੀਂ ਸਾਰੀਆਂ ਗੱਲਾਂ ਵਿਚੋਂ ਨਿਪਟ ਸਰਲ ਤੇ ਕੁਦਰਤੀ ਮੰਨਣ ਦੇ ਆਪਣੇ ਆਪ ਨੂੰ ਆਦੀ ਬਣਾ ਲਿਆ ਹੈ। ਦੂਜੀ ਰਹੱਸਮਈ ਚੀਜ਼ ਬੁੱਧੀ ਹੈ। ਜਿਹੜਾ ਜੀਵ ਕੇਵਲ ਇੰਦ੍ਰੀ-ਗਿਆਨ ਤੀਕ ਸੀਮਤ ਹੈ, ਉਸ ਨੂੰ ਬੁੱਧੀ ਦਾ ਕਰਤੱਵ ਬੜਾ ਚਕਿਤ ਕਰਨ ਵਾਲਾ ਜਾਪੇਗਾ। ਇਸ ਕਰਤੱਵ ਨੂੰ ਤੇ ਕਈ ਚਿੰਤਕਾਂ ਨੇ ਵੀ ਬੜਾ ਗੂਹਝਮਈ ਕਿਹਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਬੁੱਧੀ-ਗਿਆਨ ਇੰਦ੍ਰੀ-ਗਿਆਨ ਦਾ ਹੀ ਇਕ ਰੂਪ ਹੈ ਜੋ ਕਈ ਸਥਿਤੀਆਂ ਵਿਚ ਵਿਦਮਾਨ ਹੁੰਦਾ ਹੈ। ਇਹ ਸਥਿਤੀਆਂ ਉਹ ਹਨ ਜਿਨ੍ਹਾਂ ਨੂੰ ਅਸੀਂ ਕ੍ਰਿਆਤਮਕ ਸ਼ਕਤੀ ਜਾਂ ਬੰਧਿਕ ਸ਼ਕਤੀ ਕਹਿੰਦੇ ਹਾਂ। ਇਹ ਇਕੋ ਚੇਤਨਾ ਦੇ ਹੀ ਭਾਗ ਹਨ। ਭਾਵੇਂ ਬੁੱਧੀ ਵੱਖਰਾ ਕਰਤੱਵ ਹੈ, ਪਰ ਜੇ ਉਸ ਨੂੰ ਪੂਰੀ ਤਰ੍ਹਾਂ ਕਾਬੂ ਰੱਖਿਆ ਜਾਵੇ, ਤਾਂ ਬੁੱਧੀ ਇੰਦ੍ਰੀਆਂ ਨਾਲ ਤਾਲ ਮੇਲ ਕਾਇਮ ਕਰਕੇ ਕ੍ਰਿਆ ਕਰਦੀ ਹੈ। ਇਹੋ ਗੱਲ ਧਰਮ ਤੇ ਉਸ ਦੇ ਅੰਤਰੀਵ ਵਿਸ਼ਵਾਸ ਸਬੰਧੀ ਵੀ ਢੁੱਕਦੀ ਹੈ ਜਿਵੇਂ ਮੈਂ ਸਿਧ ਕਰਨ ਦਾ ਯਤਨ ਕਰਾਂਗਾ।

ਧਰਮ ਵਿਸ਼ਵਾਸ ਵੀ ਉਵੇਂ ਹੀ ਇੰਦ੍ਰੀ-ਅਨੁਭਵ ਦਾ ਹੀ ਇਕ ਰੂਪ ਹੈ ਜਿਵੇਂ ਕਿ ਬੁੱਧੀ ਗਿਆਨ ਹੈ। ਵਿਸ਼ੇਸ਼ ਸਥਿਤੀਆਂ ਵਿਚ ਧਰਮ ਵਿਸ਼ਵਾਸ ਉਪਜਦਾ ਹੈ ਅਤੇ ਇਹ ਸਥਿਤੀਆਂ ਵਿਸ਼ਵਾਸ਼ ਦੀ ਕ੍ਰਿਆਤਮਕ ਸ਼ਕਤੀ ਦੀਆਂ ਅਨੁਸਾਰੀ ਹਨ। ਇਸ ਤੀਜੀ ਕ੍ਰਿਆਤਮਕ ਸ਼ਕਤੀ ਤੋਂ ਬਿਨਾਂ, ਧਰਮ ਸਬੰਧੀ ਜੋ ਤੱਥ ਸਾਡੇ ਸਾਹਮਣੇ ਹਨ, ਦਾ ਕਾਰਨ ਅੰਤਰ-ਮੁਖੀ ਜਾਂ ਬਾਹਰਮੁਖੀ ਸਰੂਪ ਵਿਚ ਨਹੀਂ ਦਸਿਆ ਜਾ ਸਕਦਾ। ਜੇ ਉਨ੍ਹਾਂ ਨੂੰ ਕੇਵਲ ਇਦ੍ਰਿਆਂ ਜਾਂ ਬੁੱਧੀ ਜੋ ਇਨ੍ਹਾਂ ਦੇ ਸਾਧਾਰਨ ਅਰਥ ਹਨ ਦੇ ਕਾਰਜ ਵਜੋਂ ਦਰਸਾਇਆ ਜਾ ਸਕਦਾ ਹੈ, ਤਾਂ ਕੋਈ ਕਰਕੇ ਦੱਸੇ। ਜੇ ਇਹ ਹੋ ਜਾਵੇ ਤਾਂ ਸਾਨੂੰ ਨਿਆਏ ਯੁਕਤ ਧਰਮ ਜਾਂ ਅੰਤਰੀਵ-ਪ੍ਰੇਰਣਾ ਵਾਲਾ ਧਰਮ ਪ੍ਰਾਪਤ ਹੋ ਜਾਵੇਗਾ। ਮੇਰੇ ਕਿਸੇ ਆਲੋਚਕ ਨੇ ਹਾਲੀ ਤੀਕ ਇਹ ਕਰਕੇ ਦੱਸਿਆ ਨਹੀਂ ਹੈ; ਸ਼ਾਇਦ ਕੋਈ ਕਰਨਾ ਵੀ ਨਹੀਂ ਚਾਹੇਗਾ।

ਜਦੋਂ ਮੈਂ ਇਹ ਕਹਿੰਦਾ ਹਾਂ ਕਿ ਸਾਨੂੰ 'ਅਸੀਮ' ਦੀ ਸੋਝੀ ਬਿਨਾਂ ਇੰਦ੍ਰਿਆਂ ਜਾਂ ਬੁੱਧੀ ਦੇ ਹੁੰਦੀ ਹੈ ਤਾਂ ਮੇਰਾ ਭਾਵ ਇਨ੍ਹਾਂ ਸ਼ਬਦਾਂ ਦੇ ਸਾਧਾਰਨ ਆਮ ਮੰਨੇ ਜਾਂਦੇ ਅਰਥਾਂ ਤੋਂ ਹੁੰਦਾ ਹੈ। ਜੇ ਇਹ ਠੀਕ ਹੈ ਕਿ ਇੰਦ੍ਰੀ ਸਾਨੂੰ ਕੇਵਲ ਸਾਧਾਰਨ (ਰੰਗ ਰੂਪ ਵਾਲੀਆਂ) ਵਸਤਾਂ ਦਾ ਹੀ ਗਿਆਨ ਦੇ ਸਕਦੀ ਹੈ, ਅਤੇ ਜੇ ਬੁੱਧੀ ਦੇ ਕਰਮ ਦਾ ਖੇਤਰ ਵੀ ਇਨ੍ਹਾਂ ਸਾਧਾਰਨ ਵਸਤਾਂ ਤੀਕ ਹੀ ਹੈ, ਤਦ ਅਨੰਤ ਦੀ ਸੋਝੀ ਜੋ ਅਸੀਂ ਪ੍ਰਾਪਤ ਹੁੰਦੀ ਮੰਨਦੇ ਹਾਂ, ਉਹ ਬਿਨਾਂ ਇੰਦ੍ਰਿਆਂ ਅਤੇ ਬੁੱਧੀ ਦੇ ਹੁੰਦੀ ਹੋਣੀ ਹੈ, ਸਗੋਂ ਇਨ੍ਹਾਂ ਦੇ ਬਾਵਜੂਦ ਹੁੰਦੀ ਹੋਣੀ ਹੈ। ਇਹ ਪ੍ਰਾਕਥਨ ਠੀਕ ਹਨ ਜਾਂ ਗਲਤ ਹਨ, ਇਹ ਹੋਰ ਪ੍ਰਸ਼ਨ ਹੈ, ਜਿਸ ਤੇ ਅਸੀਂ ਹੁਣੇ ਹੀ ਵਿਚਾਰ ਕਰਾਂਗੇ।

**ਅਸੀਮ ਦਾ ਭਾਵ**

ਆਓ ਦੇਖੀਏ : ਕੀ ਸਾਡੀ ਉਸ ਵਸਤੂ ਦੇ ਸਾਧਾਰਨ ਲੱਛਣ ਬਾਰੇ ਸੰਮਤੀ ਹੈ, ਜਿਸ ਨੂੰ ਅਸੀਂ ਧਾਰਮਿਕ

ਚੇਤਨਾ ਦਾ ਵਿਸ਼ਾ ਮੰਨਦੇ ਹਾਂ। ਉਸ ਵਸਤੂ ਲਈ ਮੈਂ 'ਅਸੀਮ ਦਾ ਸ਼ਬਦ ਚੁਣਿਆ ਸੀ। ਕਿਉਂਕਿ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਹੀ ਉਸ ਸਭ ਕਾਸੇ ਨੂੰ ਭਲੀ ਭਾਂਤ ਪ੍ਰਗਟ ਕਰਦਾ ਹੈ ਜੋ ਸਾਧਾਰਨ ਇੰਦ੍ਰਿਆਂ ਅਤੇ ਬੁੱਧੀ ਦੀ ਪਕੜ ਤੋਂ ਪਰੇ ਹੈ। ਸਰਬ ਸੰਮਤੀ ਹੈ ਕਿ ਇੰਦਰੀ-ਗਿਆਨ ਹੋਰ ਭਾਵੇਂ ਇਹ ਕੁਝ ਵੀ ਪਿਆ ਹੋਵੇ, ਸੀਮਤ ਹੈ, ਸਮੇਂ-ਸਥਾਨ ਕਰਕੇ ਸੀਮਤ ਹੈ, ਆਕਾਰ-ਪ੍ਰਕਾਰ ਕਰਕੇ ਸੀਮਤ ਹੈ, ਅਤੇ ਕਿਉਂਕਿ ਸਾਡਾ ਸੰਕਲਪ ਨਿਰੋਲ ਤੌਰ ਤੇ ਇੰਦ੍ਰੀ-ਗਿਆਨ ਤੇ ਹੀ ਆਧਾਰਤ ਹੈ, ਉਸ ਦਾ ਵਿਸ਼ਾ ਵੀ ਸੀਮਤ ਰੂਪ ਦੀਆਂ ਵਸਤਾਂ ਹੀ ਹੋ ਸਕਦੀਆਂ ਹਨ। ਆਮ ਕਰਕੇ ਜਿਸ ਨੂੰ ਪ੍ਰਤੱਖ ਗਿਆਨ ਕਿਹਾ ਜਾਂਦਾ ਹੈ, ਉਸ ਨੇ ਜਿਨ੍ਹਾਂ ਵਸਤਾਂ ਨੂੰ ਸਥਾਪਿਤ ਕੀਤਾ ਹੈ ਉਹ ਤੇ ਸੀਮਤ' (finite) ਹੀ ਹਨ; ਇਸ ਲਈ ਮੈਂ ਸੋਚਿਆ ਕਿ ਸਾਰੇ ਉਸ ਕੁਝ ਲਈ ਜੋ ਇੰਦ੍ਰਿਆਂ ਤੇ ਬੁੱਧੀ ਦਾ ਵਿਸ਼ਾ ਨਹੀਂ ਹੈ 'ਅਸੀਮ' (infinite) ਐਸਾ ਸ਼ਬਦ ਹੋਵੇਗਾ ਜਿਸ ਬਾਰੇ ਇਤਰਾਜ਼ ਘੱਟ ਤੋਂ ਘੱਟ ਹੋਣਗੇ। ਇੰਦ੍ਰੀ ਤੇ ਬੁੱਧੀ ਆਪਣੇ ਸਾਧਾਰਨ ਅਰਥਾਂ ਵਿਚ ਵਰਤੇ ਗਏ ਸ਼ਬਦ ਹਨ। ਧਰਮ ਦੇ ਖੇਤਰ ਵਿਚ ਆਉਣ ਵਾਲੀ ਸ਼੍ਰੇਣੀ ਦੀਆਂ ਅਨੇਕ ਵਸਤਾਂ ਦੇ ਵਿਸ਼ੇਸ਼ ਲੱਛਣ ਦੇ ਤੌਰ ਤੇ 'ਅਸੀਮ' ਮੈਨੂੰ ਅਨਿਸਚਿਤ (indefinite), ਅਦ੍ਰਿਸ਼ਟ (invisible), ਪਰਾਐਂਦ੍ਰਿੱਕ (supersensuous), ਪਰਾਭੌਤਿਕ (super natural), ਨਿਰੰਕੁਸ਼ (absolute) ਜਾਂ ਦੈਵੀ (divine) ਨਾਲੋਂ ਵੱਧ ਫੱਬਵਾਂ ਜੱਚਿਆ। ਇਹ ਸਾਰੇ ਸਿਧਾਂਤਕ ਸ਼ਬਦ ਵੀ ਉਸੇ ਵਸਤੂ ਵੱਲ ਸੰਕੇਤ ਕਰਦੇ ਹਨ।

ਇਹ ਵੀ ਇਕੋ ਵਸਤ ਦੇ ਭਿੰਨ ਭਿੰਨ ਪੱਖਾਂ ਨੂੰ ਨਿਰੂਪਣ ਕਰਦੇ ਹਨ। ਸ਼ਬਦ 'ਅਸੀਮ' ਦੀ ਵਰਤੋਂ ਲਈ ਮੇਰਾ ਹੋਰ ਕੋਈ ਵਿਸ਼ੇਸ਼ ਝੁਕਾ ਨਹੀਂ ਹੈ। ਸਿਵਾਏ ਇਸ ਗੱਲ ਦੇ ਕਿ ਇਹ ਸ਼ਬਦ ਮੈਨੂੰ ਵਿਸ਼ਾਲ ਪ੍ਰਤੀਤ ਹੁੰਦਾ ਹੈ। ਜੋ ਸਬੰਧਤ ਭਾਵਾਂ ਨੂੰ ਸਮਝਣ ਦੇ ਸਮਰੱਥ ਹੈ। ਪਰ ਜੇ ਕੋਈ ਸ਼ਬਦ ਇਸ ਤੋਂ ਵੱਧ ਢੁੱਕਵਾਂ ਹੈ ਤਾਂ ਸਾਨੂੰ ਉਹ ਜ਼ਰੂਰ ਵਰਤ ਲੈਣਾ ਚਾਹੀਦਾ ਹੈ, ਮੈਂ ਇਹ ਗੱਲ ਫਿਰ ਕਹਿੰਦਾ ਹਾਂ।

ਆਓ, ਸਪਸ਼ੱਟ ਰੂਪ ਵਿਚ ਸਮਝਣ ਦਾ ਜਤਨ ਕਰੀਏ ਕਿ ਸਾਡਾ 'ਅਸੀਮ' ਜਾਂ ਜੇ ਕੋਈ ਹੋਰ ਸ਼ਬਦ ਇਸ ਤੋਂ ਚੰਗੇਰਾ ਜੱਚਿਆ ਹੈ ਤਾਂ ਉਸ ਤੋਂ ਭਾਵ ਕੀ ਹੈ ?

ਜੇ 'ਅਸੀਮ' ਸ਼ਬਦ ਜਿਵੇਂ ਕਿ ਕੁਝ ਚਿੰਤਕ ਮੰਨਦੇ ਹਨ, ਕੇਵਲ 'ਅਭਾਵਾਤਮਕ ਕਲਪਨਾ' (negative abstraciton) ਹੈ। ਤਦ ਨਿਸਚੇ ਹੀ, ਬੁੱਧੀ ਇਹ ਦਸੱਣ ਦੇ ਸਮਰਥ ਹੋਵੇਗੀ ਕਿ ਸਾਨੂੰ ਇਹ ਸ਼ਬਦ ਪ੍ਰਾਪਤ ਕਿਵੇਂ ਹੋਇਆ ਹੈ। 'ਕਲਪਿਤ' ਸਾਨੂੰ ਕੇਵਲ ਉਹ ਵਸਤੂ ਹੀ ਦਰਸਾ ਸਕਦਾ ਹੈ ਜਿਸ ਤੋਂ 'ਕਲਪਨਾ' ਤੁਰੀ ਹੈ। ਕੁਝ ਐਂਦਿਕ ਅਨੁਭਵਾਂ ਦੇ ਆਧਾਰ ਤੇ ਅਸੀਂ ਵਿਸ਼ੇਸ਼ ਸਮੂਹ ਬਾਰੇ ਸੰਕਲਪ ਬਣਾ ਸਕਦੇ ਹਾਂ। ਪਰ 'ਅਸੀਮ' ਤੇ 'ਸੀਮਤ' ਵਿਚ ਸਮਾਇਆ ਹੋਇਆ ਨਹੀਂ ਹੋ ਸਕਦਾ; ਇਸ ਲਈ ਜਿੰਨਾਂ ਮਰਜ਼ੀ ਹੈ ਅਸੀਂ ਜਤਨ ਕਰ ਲਈਏ, ਅਸੀਂ 'ਅਸੀਮ' ਨੂੰ 'ਸੀਮਤ' ਵਿਚੋਂ ਗ੍ਰਹਿਣ ਨਹੀਂ ਕਰ ਸਕਦੇ। ਇਹ ਕਹਿਣਾ, ਜਿਵੇਂ ਕਿ ਬਹੁਤ ਸਾਰੇ ਕਹਿੰਦੇ ਹਨ, ਕਿ 'ਅਸੀਮ' ਇਕ ਅਭਾਵਾਤਮਕ ਕਲਪਨਾ ਦਾ ਸੰਕਲਪ ਹੈ, ਕੇਵਲ ਸ਼ਬਦਾਂ ਨਾਲ ਖੇਡਣਾ ਹੀ ਹੈ। ਅਸੀਂ ਅਭਾਵਾਤਮਕ ਕਲਪਨਾ ਵਾਲਾ ਸੰਕਲਪ ਕੇਵਲ ਉਦੋਂ ਘੜ ਸਕਦੇ ਹਾਂ ਜਦੋਂ ਸਾਡਾ ਵਾਹ ਕ੍ਰਮਬੱਧ (serial) ਜਾਂ 'ਸਬੰਧਤ' (correlative) ਸੰਕਲਪਾਂ ਨਾਲ ਹੋਵੇ, ਨਹੀਂ ਤੇ ਨਹੀਂ। ਇਕ ਕ੍ਰਮਬੰਧ ਸੰਕਲਪਾਂ ਦੀ ਉਦਾਹਰਣ ਲੈਂਦੇ ਹਾਂ ਜਿਵੇਂ ਕਿ 'ਨੀਲਾ' ਹੈ ਤਦ 'ਨਾ-ਨੀਲਾ, ਹਰਾ ਪੀਲਾ, ਲਾਲ ਜਾਂ ਨੀਲੇ ਬਿਨਾ ਕਿਸੇ ਹੋਰ ਰੰਗ ਦਾ ਸੰਕਲਪ ਦੇਵੇਗਾ। 'ਨਾ ਨੀਲਾ' ਦਾ ਭਾਵ ਕੇਵਲ 'ਰੰਗ ਦਾ ਸੰਕਲਪ ਤਫਰੀਕ (minus) ਨੀਲਾ' ਹੈ। 'ਨਾ ਨੀਲਾ ਦੇ ਅਭਾਵਾਤਮਕ ਸੰਕਲਪ ਦੇ ਰੂਪ ਵਿਚ ਅਸੀਂ ਸ਼ਾਇਦ ਮਿਠਾ, ਜਾਂ ਭਾਰਾ ਜਾਂ ਟੇਢਾ ਦੀ ਕਲਪਨਾ ਕਰ ਲਈਏ-ਪਰ ਨਿਆਏਸ਼ੀਲਤਾ ਸਾਨੂੰ ਐਸਾ ਕਰਨ ਦੀ ਆਗਿਆ ਨਹੀਂ ਦਿੰਦੀ।

ਜੇ ਅਸੀਂ ਸੰਬੰਧਤ ਸੰਕਲਪਾਂ ਦੀਆਂ ਉਦਾਹਰਣਾਂ ਲਈਏ ਜਿਵੇਂ ਕਿ ਵਿੰਗਾ ਤੇ ਸਿੱਧਾ ਦੀ, ਤਦ 'ਨਾ-ਸਿਧਾ' ਨੂੰ ਸ਼ਾਇਦ ਨਿਆਏ ਅਨੁਸਾਰੀ ਆਭਾਵਾਤਮਕ ਕਲਪਨਾ ਕਹਿਣਗੇ, ਪਰ ਅਸਲੀਅਤ ਇਹ ਹੈ ਕਿ 'ਨਾ-ਸਿਧਾ' ਵੀ ਉਨਾਂ ਹੀ ਸਚ ਹੈ ਜਿਨਾਂ 'ਵਿੰਗਾ' ਹੈ, 'ਨਾ-ਸਿਧਾ' ਦਾ ਭਾਵ 'ਵਿੰਗਾ' ਹੈ ਅਤੇ 'ਨਾਂ-ਵਿੰਗਾ' ਦਾ ਭਾਵ 'ਸਿਧਾ' ਹੈ।

ਹੁਣ ਇਸੇ ਜੁਗਤੀ ਨੂੰ 'ਸੀਮਤ' ਤੇ ਘਟਾਈਏ। ਕਿਹਾ ਜਾਂਦਾ ਹੈ ਕਿ 'ਸੀਮਤ' ਦੀ ਸ਼੍ਰੇਣੀ ਵਿਚ ਉਹ ਸਾਰਾ ਕੁਝ ਸ਼ਾਮਲ ਹੈ ਜਿਸ ਦਾ ਇੰਦ੍ਰੀਆਂ ਨਾਲ ਅਨੁਭਵ ਹੋ ਸਕਦਾ ਹੈ, ਜਾਂ ਜਿਸ ਦੀ ਬੁੱਧੀ ਨਾਲ ਜਾਂਚ ਪੜਤਾਲ ਹੋ ਸਕਦੀ ਹੈ। ਜੇ ਅਸੀਂ ਅਨਿਸਚਿਤ ਤਰੀਕੇ ਨਾਲ ਨਿਖੇਧਾਤਮਕ ਅਗੇਤਰ ਜਾਂ ਪਿਛੇਤਰ ਲਗਾ ਕੇ 'ਅਭਾਵਾਤਮਕ' ਸ਼ਬਦ ਨਾ ਬਣਾਈਏ, ਅਤੇ ਸੱਚ-ਮੁੱਚ ਦਾ 'ਅਭਾਵਾਤਮਕ ਸੰਕਲਪ' ਬਨਾਣ ਦਾ ਜਤਨ ਕਰੀਏ ਤੱਦ 'ਅਸੀਮ' ਦਾ ਸੰਕਲਪ 'ਸੀਮਤ' ਦੇ ਸੰਕਲਪ ਤੋਂ ਬਾਹਰ ਰਹੇਗਾ; ਅਤੇ ਜਿਵੇਂ ਇਹ ਸਿਧਾਂਤ ਮੰਨਿਆ ਹੋਇਆ ਹੈ ਕਿ ਸੀਮਤ ਦੇ ਸੰਕਲਪ ਤੋਂ ਜੋ ਕੁਝ ਬਾਹਰ ਹੈ ਉਸ ਦਾ ਸਾਨੂੰ ਕੁਝ ਪਤਾ ਨਹੀਂ ਹੋ ਸਕਦਾ,

**ਬਾਕੀ ਸਫਾ ਨੰ 19 'ਤੇ**

# ਸਮਾਜਿਕ ਜੀਵਨ ਸੰਦਰਭ



**ਮਨਜੀਤ ਸਿੰਘ (ਦਿੱਲੀ)**
**9971574144**

14-15 ਵੀਂ ਸ਼ਤਾਬਦੀ ਵਿੱਚ, ਗੁਰੂ ਨਾਨਕ ਦੇਵ ਜੀ ਜਦੋਂ, ਲੁਕਾਈ ਦਾ ਭਲਾ ਕਰਨ ਵਾਸਤੇ ਥਾਂ ਥਾਂ ਤੇ ਭ੍ਰਮਣ ਕੀਤਾ, ਉਸ ਵੇਲੇ ਸਤਿਗੁਰੂ ਜੀ ਨੇ ਵੇਖਿਆ ਕਿ ਲੋਕਾਈ ਹਰ ਪ੍ਰਕਾਰ ਦੀਆਂ ਕੁਰੀਤੀਆਂ ਨਾਲ ਭਰੀ ਹੋਈ ਹੈ। ਨਿੰਦਾ, ਚੁਗਲੀ, ਈਰਖਾ, ਹਉਮੈ, ਮਾਰ-ਕੁਟਾਈ, ਇਤਿਆਦਿ। ਇਸ ਲਈ ਸਤਿਗੁਰੂ ਜੀ ਦੀ ਕਿਰਪਾ ਸਦਕਾ ਅੱਜ ਮੈਂ, ਉਹਨਾਂ ਸਮਾਜਿਕ ਕੁਰੀਤੀਆਂ ਤੇ ਉਸ ਤੋਂ ਬਚਾਅ ਦੇ ਸਹੀ ਢੰਗ ਬਾਰੇ ਵਿਚਾਰਾਂ ਰੱਖਣ ਲੱਗਾ ਹਾਂ।

ਸਤਿਗੁਰੂ ਜੀ ਨੇ ਵੇਖਿਆ ਕਿ ਕਲਯੁਗ ਵਿਚ ਜਨਮ ਲੈਣ ਵਾਲੇ ਪੁਰਸ਼ ਅਤੇ ਇਸਤਰੀ ਦੋਨੋਂ ਭੂਤ ਬਿਰਤੀ ਵਾਲੇ ਹਨ, ਕਿਉਂਕਿ ਉਹਨਾਂ ਨੂੰ ਜਨਮ ਦੇਣ ਵਾਲੇ ਉਹਨਾਂ ਦੇ ਮਾਤਾ-ਪਿਤਾ, ਆਪ ਵੀ ਪੂਰੀ ਤਰਾਂ ਕਲਯੁਗ ਦੇ ਪ੍ਰਭਾਵ ਵਿਚ ਫਸੇ ਹੋਏ ਸਨ। ਯਾਦ ਰੱਖਣਾ, ਚੰਦਨ ਨੂੰ ਉਗਾਉਣ ਵਾਸਤੇ ਫਸਲ ਵੀ ਚੰਗੀ ਚਾਹੀਦੀ ਹੈ ਤੇ ਜਮੀਨ ਵੀ ਚੰਗੀ ਚਾਹੀਦੀ ਹੈ। ਪਰ ਜੇਕਰ ਜਮੀਨ ਚੰਗੀ ਨਾ ਹੋਵੇ ਤਾਂ ਫਸਲ ਵੀ ਚੰਗੀ ਨਹੀਂ ਹੋਵੇਗੀ। ਗੁਰੂ ਨਾਨਕ ਦੇਵ ਜੀ ਨੇ ਦੇਖਿਆ ਮਾਤਾ-ਪਿਤਾ ਆਪ ਵੀ ਬੁਰੇ ਆਚਰਣ ਵਾਲੇ ਨੇ, ਤੇ ਉਹਨਾਂ ਦੀ ਅੱਗੇ ਪੀੜ੍ਹੀ ਉਹ ਵੀ ਬੁਰੇ ਆਚਰਣ ਵਾਲੀ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ-

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥੧॥

ਭਾਵ ਕਿ ਕਲਯੁੱਗ ਵਿਚ ਭੂਤ ਪੈਦਾ ਹੋ ਰਹੇ ਹਨ: ਭੂਤ-ਕਾਲ ਕਹਿੰਦੇ ਹਨ- ਬੀਤੇ ਹੋਏ ਸਮੇਂ ਨੂੰ, ਤੇ ਜੇਕਰ ਬੀਤੇ ਹੋਏ ਸਮੇਂ ਬਾਰੇ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ, ਇਨਸਾਨ ਪਸ਼ੂ ਸੀ। ਐਸਾ ਕਲਜੁਗ ਦਾ ਪ੍ਰਭਾਵ ਕਿ ਔਰਤ ਆਪਣੇ ਸਰੀਰ ਦੀ ਨੁਮਾਇਸ਼ ਕਰਦੀ ਹੈ, ਤੇ ਪੁਰਸ਼ ਸ਼ਿਕਾਰੀ ਬਣ ਗਿਆ। ਕਹਿਣ ਤੋਂ ਭਾਵ ਔਰਤ ਅਤੇ ਮਰਦ ਆਪਣੀ ਮਰਯਾਦਾ ਭੁੱਲ ਗਏ। ਸਮਾਜਿਕ ਤਾਣਾ ਬਾਣਾ ਅਸਥਿਰ ਹੋਇਆ ਹੈ।

ਇਸਦਾ ਕਾਰਨ ਮਾਇਆ ਹੈ, ਉਹ ਗਲਤ ਤਰ੍ਹਾਂ ਹਾਸਲ ਕੀਤੀ ਜਾ ਰਹੀ ਹੈ ਤੇ ਗਲਤ ਪਾਸੇ ਲਗਾਈ ਜਾ ਰਹੀ ਹੈ। ਨਾਮ ਬਾਣੀ ਤੋਂ ਲੁਕਾਈ ਦੂਰ ਭੱਜਦੀ ਜਾ ਰਹੀ ਹੈ। ਭੋਜਨ ਉਹਨਾਂ ਦਾ ਗੰਦਾ ਹੋ ਚੁੱਕਿਆ ਹੈ। ਗੁਰਬਾਣੀ 'ਚ ਆਉਂਦਾ ਹੈ-

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥

ਇੱਕ ਥਾਂ ਹੋਰ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ-

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥

ਔਰਤ ਆਪਣੇ ਸਰੀਰ ਦੀ ਨੁਮਾਇਸ਼ ਕਰਨ ਲੱਗ ਪਈਆਂ, ਤੇ ਪੁਰਸ਼ ਸ਼ਿਕਾਰੀ ਬਣ ਗਿਆ।

ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥੨॥

ਇਹ ਸਭ ਕੁੱਝ ਦੇਖਦੇ ਹੋਏ ਬਹੁਤ ਜਰੂਰੀ ਸੀ ਕਿ ਲੁਕਾਈ ਨੂੰ ਜਾਗਰੂਕ ਕੀਤਾ ਜਾਵੇ ਅਤੇ ਚੰਗੇ ਆਚਰਨ ਨਾਲ ਜੀਵਨ ਜੀਊਣ ਦੀ ਜਾਂਚ ਦੱਸੀ ਜਾਵੇ।

ਗੁਰਬਾਣੀ ਅਨੁਸਾਰ ਸਮਾਜਿਕ ਜੀਵਨ ਜੀਣ ਦੇ ਬਹੁਤ ਸਾਰੇ ਪਹਿਲੂ ਹਨ ਜਿਵੇਂ ਕਿ 1. ਮਿੱਠਾ ਬੋਲਣਾ 2. ਨਿਮਰਤਾ ਲਿਆਉਣੀ 3. ਨਿੰਦਿਆ ਚੁਗਲੀ ਤੋਂ ਬਚਣਾ 4. ਚੰਗਾ ਆਚਰਣ, ਗੁਣਵਾਨ ਜੀਵਨ 5. ਜੀਵਾਂ ਤੇ ਦਇਆ 6. ਸਾਤਵਿਕ ਤੇ ਚੰਗਾ ਭੋਜਨ 7. ਕਿਸੇ ਦਾ ਦਿਲ ਨਾ ਦੁਖਾਉਣਾ 8. ਬੁਰੀ ਸੰਗਤ ਤੋਂ ਬਚਣਾ 9. ਹੱਕ ਹਲਾਲ ਦੀ ਕਮਾਈ ਖਾਣਾ 10. ਔਰਤ ਨੂੰ ਸਤਿਕਾਰ 11. ਪਰਾਈ ਤਾਤ ਤੋਂ ਬਚਣਾ 12. ਸਾਂਝੀਵਾਲਤਾ ਭਾਵ ਸਭ ਝਗੜਿਆਂ ਨੂੰ ਦੂਰ ਕਰਕੇ ਪਿਆਰ ਨਾਲ ਇਕੱਠੇ ਹੋ ਕੇ ਰਹਿਣਾ ਇਤਿਆਦਿ।

ਮਿੱਠਾ ਬੋਲਣਾ ਨਿਮਰਤਾ ਲਿਆਉਣੀ- ਸਮਾਜਿਕ

ਜੀਵਨ ਜੀਉਣ ਵਾਸਤੇ ਮਿੱਠਾ ਬੋਲਣਾ, ਨਿਵ ਕੇ ਚੱਲਣਾ ਇਹ ਬਹੁਤ ਹੀ ਗੁਣਕਾਰੀ ਹੈ। ਕਿਉਂਕਿ ਜੋ ਪੰਛੀ ਮਿੱਠਾ ਬੋਲਦੇ ਹਨ, ਭਾਵ ਕੋਇਲ ਉਸ ਨੂੰ ਸੁਣਨ ਵਾਸਤੇ ਲੋਕ ਭੱਜ ਕੇ ਆਉਂਦੇ ਹਨ ਕਿਉਂਕਿ ਮਿੱਠੀ ਬਾਣੀ ਨੂੰ ਸਭ ਪਸੰਦ ਕਰਦੇ ਹਨ ਅਤੇ ਇਸ ਤੋਂ ਉਲਟ ਭੈੜੀ ਬਾਣੀ ਤੋਂ ਸਭ ਦੂਰ ਭੱਜਦੇ ਹਨ। ਆਖਦੇ ਹਨ ਕਿ ਕਿੰਨੇ ਕੋੜੇ ਬੋਲ ਬੋਲਦਾ ਹੈ। ਇਸਦੇ ਲਾਗੇ ਖੜੇ ਹੋਣ ਨੂੰ ਵੀ ਮਨ ਨਹੀਂ ਕਰਦਾ। ਇੰਨਾ ਫਰਕ ਹੁੰਦਾ ਹੈ ਮਿੱਠਾ ਤੇ ਫਿੱਕਾ ਬੋਲਣ ਵਾਲਿਆਂ 'ਚ।

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥

ਉਦਾਹਰਨ - ਕੋਇਲ ਕਿੰਨਾ ਮਿੱਠਾ ਬੋਲਦੀ ਹੈ, ਕੋਇਲ ਨੂੰ ਸੁਣਨ ਵਾਸਤੇ ਲੋਕ ਬਾਗਾਂ ਵਿੱਚ ਜਾਂਦੇ ਹਨ, ਪਰ ਸਾਡੇ ਘਰ ਵਿੱਚ ਆਉਣ ਵਾਲਾ ਕਾਂ ਕਿੰਨਾ ਭੈੜਾ ਬੋਲਦਾ ਤੇ ਲੋਕ ਉਹਨੂੰ ਘਰੋਂ ਭਜਾ ਦਿੰਦੇ ਹਨ ਕਿ ਭਾਈ ਇਹ ਕਿੱਥੋਂ ਸਵੇਰੇ-ਸਵੇਰੇ ਸਾਡੇ ਘਰ ਦੇ ਬਾਹਰ ਆ ਗਿਆ, ਇੰਨਾ ਭੈੜਾ ਬੋਲਦਾ, ਬਰਦਾਸ਼ਤ ਨਹੀਂ ਹੋ ਪਾਉਂਦਾ। (ਕੋਇਲ ਨੇ ਕਿਸੇ ਨੂੰ ਕੁਝ ਦਿੱਤਾ ਨਹੀਂ ਤੇ ਕਾਂ ਨੇ ਕਿਸੇ ਦਾ ਕੁਝ ਲੁੱਟਿਆ ਨਹੀਂ, ਬਸ ਬੋਲੀ ਕਰਕੇ ਇੰਨਾ ਵੱਡਾ ਫਰਕ ਪਾ ਲਿਆ ਕਿਸੇ ਨੂੰ ਲੋਕ ਪਿਆਰ ਕਰਦੇ ਨੇ ਤੇ ਕਿਸੇ ਨੂੰ ਫਿਟਕਾਰਦੇ ਹਨ।)

ਕਾਂਗਾ ਕਿਸ ਕੋ ਧਨ ਹਰੇ ਕੋਇਲ ਕਿਸ ਕੋ ਦੇ ਮੀਠੀ ਬੋਲੀ ਬੋਲ ਕੈ ਸਭ ਜਗ ਵਸ ਕਰੈ

ਜੇਕਰ ਨਿਮਰਤਾ ਦੀ ਗੱਲ ਕਰੀਏ, ਜਿਸ ਰੁੱਖ ਨੂੰ ਜਿੰਨੇ ਜਿਆਦਾ ਫਲ ਪੱਤੇ ਹੁੰਦੇ ਹਨ, ਉਹ ਉਨਾਂ ਹੀ ਨੀਵਾਂ ਹੁੰਦਾ ਹੈ। ਉਸ ਰੁੱਖ ਵਿੱਚੋਂ ਛਾਂ ਭਰਪੂਰ ਮਿਲਦੀ ਹੈ, ਧੁੱਪ ਤੋਂ ਵੀ ਬਚਾ ਲੈਂਦਾ, ਫਲ ਵੀ ਸੋਹਣੇ ਦਿੰਦਾ, ਹਰਿਆਵਲ ਵੀ ਕਰਦਾ, ਇੰਨੇ ਗੁਣਾਂ ਤੋਂ ਬਾਅਦ ਵੀ ਉਸਦਾ ਝੁਕਾਅ ਹੇਠਾਂ ਨੂੰ ਹੁੰਦਾ। ਤੇ ਦੂਜੇ ਪਾਸੇ, ਸੱਚੇ ਪਾਤਸ਼ਾਹ ਸਿੰਮਲ ਦੇ ਰੁੱਖ ਦੀ ਉਦਾਹਰਣ ਦਿੰਦੇ ਹਨ ਕਿ ਸਿੰਮਲ ਦਾ ਰੁੱਖ ਕੋਈ ਬਹੁਤਾ ਗੁਣਕਾਰੀ ਨਹੀਂ ਹੁੰਦਾ, ਕੋਈ ਬਹੁਤਾ ਫਲ ਸਵਾਦ ਨਹੀਂ, ਜਿਸ ਕਰਕੇ ਉਸਨੂੰ ਕੋਈ ਪਸੰਦ ਨਹੀਂ ਕਰਦਾ ਤੇ ਉਸ ਦਾ ਕੋਈ ਫਾਇਦਾ ਨਹੀਂ ਲੈ ਪਾਉਂਦਾ। ਪਰ ਜੋ ਰੁੱਖ ਹਰੇ ਭਰੇ ਨੇ ਉਹ ਗਿਆਨ ਦੇ ਰਹੇ ਹਨ ਕਿ ਨਿਮਰਤਾ ਚੰਗਾ ਜੀਵਨ ਜੀਣ ਦਾ ਨਾਮ ਹੈ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕ ਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਸੋ ਨਿਰਮਾਣਤਾ ਮਨੁੱਖ ਦਾ ਉਹ ਸੋਹਣਾ ਗਹਿਣਾ ਹੈ, ਜਿਸਨੂੰ ਮਨੁੱਖ ਨੂੰ ਧਾਰਨ ਕਰਨਾ ਚਾਹੀਦਾ ਹੈ ਤੇ ਜੀਵਨ ਦੇ ਵਿੱਚ ਕਦੇ ਕੁਝ ਬੁਰਾ ਹੋਵੇ, ਕੋਈ ਘਟਨਾ ਘਟ ਜਾਵੇ ਤਾਂ ਮਨੁੱਖ ਨਿਰਾਸ਼ ਨਾ ਹੋਵੇ, ਇਹ ਸਮਝੇ ਕਿ ਮੇਰੇ ਵਾਸਤੇ ਗੁਰੂ ਵੱਲੋਂ ਪਾਇਆ ਹੋਇਆ ਇਮਤਿਹਾਨ ਹੈ। ਕਿਉਂਕਿ ਗੁਰਮੁਖ ਬੰਦਾ ਹਰ ਆਉਣ ਵਾਲੀ ਮੁਸੀਬਤ ਨੂੰ ਕੇਵਲ ਤੇ ਕੇਵਲ ਇਮਤਿਹਾਨ ਸਮਝਦਾ ਹੈ ਅਤੇ ਉਸਦਾ ਡਟ ਕੇ ਮੁਕਾਬਲਾ ਕਰਦਾ ਹੈ ਤੇ ਅੰਤ ਵਿੱਚ ਸਫਲ ਵੀ ਹੁੰਦਾ ਹੈ। ਪਰ ਜੋ ਮਨਮੁਖ ਬੰਦਾ ਹੈ, ਜੀਵਨ ਦੇ ਵਿੱਚ ਜਦੋਂ ਵੀ ਘਾਟਾ ਆਏਗਾ ਉਹ ਇਸ ਨੂੰ ਕਰਮਾਂ ਦੀ ਸਜ਼ਾ ਸਮਝੇਗਾ। ਤਾਂ ਇਸ ਕਰਕੇ ਹਮੇਸ਼ਾ ਨਿਮਰਤਾ ਧਾਰਨ ਕੀਤੀ ਜਾਵੇ। ਨਾ ਕਿਸੇ ਦਾ ਬੁਰਾ ਕੀਤਾ ਜਾਵੇ, ਨਾ ਇਹ ਸੋਚਿਆ ਜਾਵੇ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥

ਨਿੰਦਿਆ ਚੁਗਲੀ ਤੋਂ ਬਚਣਾ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਨੂੰ ਬਾਰ-ਬਾਰ ਇਹ ਉਪਦੇਸ਼ ਕਰਦੇ ਹਨ ਕਿ ਨਿੰਦਾ ਚੁਗਲੀ ਤੋਂ ਆਪਣਾ ਖੈਹਿੜਾ ਛੁੜਾਓ, ਇਸ ਤੋਂ ਦੂਰ ਹੋ ਕੇ ਰਹੋ। ਇਹ ਸਭ ਤੋਂ ਪਹਿਲਾਂ ਦੂਜੇ ਨੂੰ ਨਹੀਂ ਬਲਕਿ ਆਪਣੇ ਆਪ ਨੂੰ ਹੀ ਦੁੱਖ ਪਹੁੰਚਾਉਂਦੀ ਹੈ। ਇਸ ਕਰਕੇ ਸਤਿਗੁਰੂ ਜੀ ਫਰਮਾਉਂਦੇ ਨੇ-

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥

ਭਾਵ ਕਿ ਨਿੰਦਾ ਕਿਸੇ ਦੀ ਵੀ ਨਹੀਂ ਕਰਨੀ ਚਾਹੀਦੀ। ਇਹ ਚੰਗੀ ਗੱਲ ਨਹੀਂ ਅਤੇ ਜੋ ਇਹ ਕੰਮ ਕਰਦਾ ਹੈ ਉਸ ਨੂੰ ਫਿਟਕਾਰਾਂ ਪੈਂਦੀਆਂ ਹਨ। ਭਗਤ ਪਰਮਾਨੰਦ ਜੀ ਇੱਥੋਂ ਤੱਕ ਫਰਮਾਇਆ- ਕੋਈ ਫਾਇਦਾ ਨਹੀਂ ਮਿਲਦਾ ਉਸ ਮਨੁੱਖ ਨੂੰ ਜਿਸ ਮਨੁੱਖ ਦੇ ਮਨ ਦੇ ਵਿੱਚ ਕਾਮ, ਕ੍ਰੋਧ, ਨਿੰਦਾ, ਚੁਗਲੀ, ਈਰਖਾ, ਹਉਮੈ, ਹੰਕਾਰ ਆਦਿ ਚੀਜ਼ਾਂ ਭਰੀਆਂ ਹੋਣ। ਭਗਤ ਪਰਮਾਨੰਦ ਜੀ-

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥

ਕਾਮ, ਕ੍ਰੋਧ, ਨਿੰਦਾ, ਚੁਗਲੀ, ਈਰਖਾ, ਹਉਮੈ, ਹੰਕਾਰ, ਇਹ ਉਹ ਰੋਗ ਹਨ ਜਿਸ ਬਾਰੇ ਕਬੀਰ ਜੀ ਫਰਮਾਉਂਦੇ ਨੇ ਕਿ ਐਸੇ ਪਸ਼ੂ ਪੰਛੀ, ਕੀੜੇ, ਪਤੰਗੇ ਜਿਨ੍ਹਾਂ ਨੂੰ ਵੱਖ-ਵੱਖ ਰੋਗ ਹੁੰਦੇ ਨੇ ਪਰ ਵਿਚਾਰ ਕਰੀਏ ਜੇ ਪੰਜੇ ਰੋਗ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇੱਕੋ ਇਨਸਾਨ ਵਿੱਚ ਹੋਣ ਤੇ ਉਹ ਕਿੰਨਾ ਭੈੜਾ ਹੋਏਗਾ। ਮ੍ਰਿਗ ਨੂੰ ਸੰਗੀਤ ਦਾ ਰੋਗ ਉਸਨੂੰ ਫੜਨ ਵਾਸਤੇ ਸ਼ਿਕਾਰੀ ਤਾਰ ਦਾ ਸਹਾਰਾ ਲੈਂਦਾ। ਮਛੱਲੀ ਆਟੇ ਦੇ ਲਾਲਚ ਵਿੱਚ ਜਾਲ ਵਿੱਚ ਫਸ ਜਾਂਦੀ ਹੈ, ਪਤੰਗਾ ਦੀਵੇ ਦੀ ਰੋਸ਼ਨੀ ਵੇਖ ਕੇ ਉਸ ਨਾਲ ਪਿਆਰ ਨਿਭਾ ਆਪਣੇ ਆਪ ਨੂੰ ਜਲਾ ਲੈਂਦਾ, ਭਵਰਾ ਫੁੱਲ ਦੀ ਖੁਸ਼ਬੂ ਵਿੱਚ ਗਵਾਚ ਕੇ ਆਪਣੇ ਆਪ ਨੂੰ ਕੁਰਬਾਨ ਕਰ ਦਿੰਦਾ ਹੈ ਅਤੇ ਹਾਥੀ ਕਾਮ ਵਾਸਨਾ ਦੇ ਰੋਗ ਵਿੱਚ ਫੜਿਆ ਜਾਂਦਾ। ਸ਼ਿਕਾਰੀ ਜਾਲ ਪਾਉਣ ਵਾਸਤੇ ਇਕ ਬਹੁਤ ਵੱਡਾ ਖੱਡਾ ਬਣਾ ਉਸ ਦੇ ਵਿੱਚ ਤੇ ਉੱਤੇ ਘਾਹ ਨਾਲ ਢੱਕ ਦਿੰਦਾ ਹੈ ਤੇ ਇੱਕ ਨਕਲੀ ਹਥਣੀ ਦਾ ਬੁੱਤ ਬਣਾ ਕੇ ਖੜਾ ਕਰ ਦਿੰਦਾ, ਕਾਮ ਵਾਸਨਾ ਦਾ ਭੱਰਿਆ ਹਾਥੀ ਉਸ ਵੱਲ ਆਉਂਦਾ ਹੈ ਤੇ ਸ਼ਿਕਾਰੀ ਦੇ ਜਾਲ ਵਿੱਚ ਫਸ ਜਾਂਦਾ। ਹੁਣ ਵਿਚਾਰ ਕਰੀਏ ਇਕ-ਇਕ ਰੋਗ ਅਲੱਗ-ਅਲੱਗ ਦੇ ਪੱਲੇ ਪਿਆ। ਪਰ ਇਨਸਾਨ ਇਕ ਐਸਾ ਜੀਵਨ ਜੀ ਰਿਹਾ ਜਿਹਨੂੰ ਜੀਵਨ ਜੀਣ ਦੀ ਜਾਂਚ ਨਹੀਂ ਤੇ ਉਹ ਕੱਲਾ ਆਪਣੇ ਜੀਵਨ ਦੇ ਵਿੱਚ ਪੰਜੋ ਰੋਗਾਂ ਨੂੰ ਸਮਾਅ ਕੇ ਬੈਠਾ ਹੋਇਆ ਹੈ, ਜਿਸ ਕਰਕੇ ਆਪਣੇ ਜੀਵਨ ਨੂੰ ਨਾ ਉਹ ਕਦੀ ਉੱਚਾ ਕਰ ਪਾਉਂਦਾ ਹੈ ਤੇ ਨਾ ਹੀ ਕਦੀ ਸੁੱਚਾ ਕਰ ਪਾਉਂਦਾ ਹੈ । ਭਗਤ ਰਵਿਦਾਸ ਜੀ ਫਰਮਾਉਂਦੇ ਨੇ-

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥

ਚੰਗਾ ਆਚਰਣ ਗੁਣਵਾਨ ਜੀਵਨ - ਮਨੁੱਖ ਆਪਣੇ ਆਚਰਣ ਤੋਂ ਇਨਾਂ ਗਿਰ ਗਿਆ ਹੈ ਕਿ ਗੁਰੂ ਰਾਮਦਾਸ ਜੀ ਆਪਣੇ ਪੁੱਤਰ ਪ੍ਰਿਥੀ ਚੰਦ ਨੂੰ ਇਥੋਂ ਤੱਕ ਆਖਿਆ ਕਿ ਤੂੰ ਮੇਰੇ ਨਾਲ ਲੜਦਾ ਕਿਉਂ ਹੈ, ਭਾਵ ਕਿ ਉਹਨੇ ਸਤਿਗੁਰੂ ਜੀ ਨੂੰ ਸਤਿਗੁਰ ਨਹੀਂ ਸਮਝਿਆ। ਸਮਾਜ ਦੇ ਨਾਲ ਦੋਸਤੀ ਕਰਕੇ ਗੁਰਗੱਦੀ ਦੇ ਲਾਲਚ, ਪਦਾਰਥ, ਮਾਇਆ, ਸਭ ਨਾਲ ਧਿਆਨ ਪਰ ਸੱਚੇ ਮਾਲਕ ਨਾਲ ਲੜਦਾ। ਇਸ ਕਰਕੇ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਫਰਮਾਉਂਦੇ ਨੇ-

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥

ਵਿਚਾਰ ਕਰੀਏ, ਜਿਸ ਮਾਤਾ ਪਿਤਾ ਨੇ ਜਨਮ ਦਿੱਤਾ ਉਸਦੀ ਭੈੜੀ ਸੰਤਾਨ ਹੋਵੇ, ਸਾਕਤ ਪੁਰਸ਼ਾਂ ਦੀ ਸੰਗਤ ਕਰਦੀ ਹੋਵੇ, ਆਚਰਨ ਤੋਂ ਗਿਰੀ ਹੋਏ ਤੇ ਉਸ ਦਾ ਜੀਵਨ ਪੱਕੀ ਗੱਲ, ਰਸਾਤਲ ਵਿੱਚ ਹੀ ਜਾਏਗਾ। ਕਦੇ ਸੁੱਖ ਨਹੀਂ ਪਾਏਗਾ ਕਿਉਂਕਿ ਜੀਵਨ ਦੇ ਵਿੱਚ ਮਨੁੱਖਤਾ ਤੋਂ ਗਿਰ ਚੁੱਕਿਆ ਬੰਦਾ ਚੰਗੇ ਬੁਰੇ ਦੀ ਸਮਝ ਨਹੀਂ ਕਰ ਪਾਵੇਗਾ। ਭੈੜਾ ਆਚਰਨ, ਚੰਗੇ ਨੂੰ ਮਾੜਾ ਤੇ ਮਾੜੇ ਨੂੰ ਚੰਗਾ ਸਮਝਦਾ ਹੈ।

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥

ਅਤੇ ਕਬੀਰ ਜੀ ਬੁਰੀ ਸੰਗਤ ਬਾਰੇ ਫਰਮਾਉਂਦੇ ਨੇ

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥

ਜੀਵਾਂ ਤੇ ਦਇਆ- ਜੀਵਾਂ ਤੇ ਦਇਆ ਕਰਨ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜਿਵੇਂ ਮਨੁੱਖ ਦਾ ਪਰਿਵਾਰ ਹੁੰਦਾ ਹੈ, ਉਦਾਂ ਹੀ ਪਸ਼ੂ ਪੰਛੀਆਂ ਦਾ ਵੀ ਪਰਿਵਾਰ ਹੁੰਦਾ ਹੈ। ਇਹਨਾਂ ਨੂੰ ਵੀ ਦਰਦ ਹੁੰਦਾ, ਇਹਨਾਂ ਦਾ ਵੀ ਖੂਨ ਨਿਕਲਦਾ ਹੈ ਤੇ ਜੋ ਇਨਸਾਨ ਦਰਿੰਦਾ, ਕਸਾਈ ਬਣ ਕੇ ਜੀਵਾਂ ਨੂੰ ਮਾਰਦਾ ਹੈ ਤੇ ਮੂੰਹ ਦੇ ਸੁਆਦ ਲਈ ਇਹਨਾਂ ਦਾ ਸੇਵਨ ਕਰਦਾ ਹੈ, ਉਸ ਇਨਸਾਨ ਨੂੰ ਕਦੇ ਵੀ ਚੰਗੇ ਗੁਣ ਪ੍ਰਾਪਤ ਨਹੀਂ ਹੋ ਸਕਦੇ। ਵਿਚਾਰ ਕਰਕੇ ਵੇਖਣਾ, ਜੀਵਾਂ ਨੂੰ ਮਾਰ ਕੇ ਖਾਣ ਵਾਲੇ ਤੇ ਜੀਵਾਂ ਨੂੰ ਮਾਰਨ ਵਾਲੇ ਸਾਰੇ ਲੋਕਾਂ ਦੀ ਬਿਰਤੀ ਬਹੁਤ ਹੀ ਭੈੜੀ ਹੁੰਦੀ ਹੈ। ਜਿਹੜੇ ਜੀਵਾਂ ਤੇ ਦਇਆ ਕਰਦੇ ਨੇ, ਉਹਨਾਂ ਨੂੰ ਮਾਰਦੇ ਨਹੀਂ ਉਹ ਮਨੁੱਖ ਹਮੇਸ਼ਾ ਹੀ ਸਮਾਜ ਦੇ ਵਿੱਚ ਸਤਿਕਾਰੇ ਗਏ ਹਨ।

ਕੋਈ ਵੀ ਧਰਮ ਗ੍ਰੰਥ ਇਸ ਗੱਲ ਦੀ ਗਵਾਹੀ ਨਹੀਂ ਦਿੰਦਾ ਕਿ ਜਾਨਵਰ ਮਾਰਨੇ ਚਾਹੀਦੇ ਨੇ। ਆਪਣੇ ਹੱਥ ਤੇ ਲੱਗੀ ਹੋਈ ਥੋੜੀ ਜਿਹੀ ਸੱਟ ਕਿੰਨਾ ਦਰਦ ਦਿੰਦੀ ਹੈ ਤੇ ਸੋਚੋ, ਉਹ ਪਸ਼ੂ ਪੰਛੀ ਕਿੰਨਾ ਦਰਦ ਆਪਣੇ ਆਪ ਤੇ ਝੱਲਦੇ ਨੇ ਜਿਨਾਂ ਨੂੰ ਬੋਟੀ ਬੋਟੀ ਕਰ ਕੇ ਬਾਜ਼ਾਰਾਂ ਦੇ ਵਿੱਚ ਵੇਚਿਆ ਜਾਂਦਾ ਹੈ। ਤੇ ਇਨਸਾਨ ਕਹਿੰਦਾ ਹੈ ਕਿ ਮੈਂ ਤਾਂ ਆਪਣੇ ਸਰੀਰ ਦੀ ਤਾਕਤ ਵਾਸਤੇ ਸਭ ਕੁਝ ਕਰ ਰਿਹਾ ਹਾਂ। ਜੇ ਮਾਸ ਸ਼ਰਾਬ ਖਾਵਾਂ, ਪੀਵਾਂਗਾ ਤਾਂ ਮੇਰਾ ਸਰੀਰ ਤਾਕਤ ਵਾਲਾ ਬਣੇਗਾ। ਪਰ ਇਹ ਉਸ ਦਾ ਭਰਮ ਹੈ, ਜੋ ਜਾਨਵਰਾਂ ਨੂੰ ਬਿਮਾਰੀਆਂ ਲੱਗੀਆਂ ਹੁੰਦੀਆਂ ਨੇ ਉਹ ਇਨਸਾਨ ਉਸ ਨੂੰ ਖਾ ਕੇ ਆਪਣੇ ਸਰੀਰ ਤੇ ਲਾ ਲੈਂਦਾ ਹੈ, ਪਰ ਜਿਹੜਾ ਬੰਦਾ ਸੱਚਾ ਸੁੱਚਾ ਭੋਜਨ ਕਰਦਾ ਜਿਸ ਦੇ ਭੋਜਨ ਦੇ ਵਿੱਚ ਕਿਸੇ ਦੀ ਹਾਏ

ਨਹੀਂ, ਖੂਨ ਨਹੀਂ, ਦਰਦ ਨਹੀਂ, ਉਸ ਭੋਜਨ ਨੂੰ ਹੀ ਸਤਿਕਾਰਿਆ ਗਿਆ ਹੈ। ਅੱਜ ਜਿੰਨੇ ਵੀ ਧਰਮ ਅਸਥਾਨ ਹਨ, ਸਭ ਧਰਮ ਅਸਥਾਨਾਂ ਵਿੱਚ ਜਾ ਕੇ ਵੇਖ ਲਓ ਉੱਥੇ ਜਾਨਵਰ ਨਹੀਂ ਮਾਰੇ ਜਾਂਦੇ। ਮਰਿਆਦਿਤ ਭੋਜਨ ਦਿੱਤਾ ਜਾਂਦਾ ਹੈ, ਚੰਗਾ ਪ੍ਰਸ਼ਾਦਾ ਛਕਾਇਆ ਜਾਂਦਾ ਹੈ ਅਤੇ ਸਭ ਨੂੰ ਵਰਜਿਆ ਜਾਂਦਾ ਕਿ ਇਹਨਾਂ ਚੀਜ਼ਾਂ ਤੋਂ ਤੌਬਾ ਕਰੋ। ਕਿਉਂਕਿ ਇਹ ਨਾ ਸਮਝੋ ਕਿ ਰੱਬ ਮੰਦਰਾਂ, ਗੁਰਦੁਆਰਿਆਂ ਇਹਨਾਂ ਵਿੱਚ ਹੀ ਹੈ, ਰੱਬ ਤਾਂ ਹਰ ਇਕ ਜੀਵ ਦੇ ਵਿੱਚ ਹੈ ਅਤੇ ਉਹ ਜੀਵ, ਜਾਨਵਰ ਵੀ ਹੋ ਸਕਦਾ ਹੈ ਤੇ ਇਨਸਾਨ ਵੀ ਹੋ ਸਕਦਾ। ਕਬੀਰ ਜੀ ਫਰਮਾਉਂਦੇ ਨੇ-

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥

ਗੁਰੂ ਅਰਜਨ ਦੇਵ ਜੀ ਬਾਰਾਂਮਾਹ ਵਿੱਚ ਫਰਮਾਉਂਦੇ ਨੇ ਕਿ 68 ਤੀਰਥ ਬਹੁਤ ਮਹਾਨ ਮੰਨੇ ਜਾਂਦੇ ਹਨ ਤੇ ਲੋਕ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੇ ਨੇ ਕਿ ਅਸੀਂ ਆਪਣੇ ਜੀਵਨ ਦੇ ਵਿੱਚ 68 ਤੀਰਥ ਦਰਸ਼ਨ ਕਰਕੇ ਆਏ ਹਾਂ। ਪਰ 68 ਤੀਰਥਾਂ ਦਾ ਫਲ ਤੇ ਜੀਵਾਂ ਤੇ ਦਇਆ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਨਾ ਮਾਰਿਆ ਕਰੋ ਜੀਵਾਂ ਨੂੰ। ਉਹ ਦਰਦ, ਉਹ ਚੀਕਾਂ, ਮਹਿਸੂਸ ਕਰਕੇ ਵੇਖੋ ਤੇ ਸੱਚੇ ਸਤਿਗੁਰ ਦੇ ਉਪਦੇਸ਼ ਨੂੰ ਸਰਵਣ ਕਰਦੇ ਹੋਏ ਜੀਵਾਂ ਤੇ ਦਇਆ ਕਰੋ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਸਾਤਵਿਕ ਤੇ ਚੰਗਾ ਭੋਜਨ- ਪੁਰਾਣੀਆਂ ਕਹਾਵਤਾਂ ਬਣੀਆਂ ਹੋਈਆਂ ਨੇ- ਜੈਸਾ ਅੰਨ ਤੈਸਾ ਮਨ, ਜੈਸਾ ਦੁੱਧ ਵੈਸੀ ਬੁੱਧ, ਜੈਸਾ ਪਾਣੀ ਵੈਸੀ ਬਾਣੀ। ਇਸ ਤਰ੍ਹਾਂ ਭੋਜਨ ਦਾ ਸਾਡੇ ਮਨ ਤੇ ਪ੍ਰਭਾਵ ਪੈਂਦਾ ਹੈ, ਭੋਜਨ ਹਮੇਸ਼ਾ ਸਾਤਵਿਕ ਤੇ ਸੁੱਚਾ ਹੋਣਾ ਚਾਹੀਦਾ ਹੈ। ਇਥੇ ਤਾਂ ਆਖਿਆ ਗਿਆ ਕਿ ਜਿਨਾਂ ਦਾ ਕੋਈ ਦੀਨ ਇਮਾਨ ਨਹੀਂ ਉਹਨਾਂ ਦੇ ਨਾਲ ਸਾਡਾ ਖਾਣ ਪਾਣ ਕੋਈ ਨਹੀਂ, ਇਸ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥
ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥

ਜੋ ਇਹ ਚਾਰ ਪਾਪ ਨੇ ਬ੍ਰਾਹਮਣ ਨੂੰ ਮਾਰਨਾ, ਗਊ ਨੂੰ ਮਾਰਨਾ, ਔਰਤ ਨੂੰ ਮਾਰਨਾ ਤੇ ਦੁਰਾਚਾਰੀ ਦੇ ਘਰ ਦਾ ਖਾਣਾ ਪੀਣਾ ਜਿਸ ਵਿੱਚੋਂ ਔਰਤ ਨੂੰ ਮਾਰਨਾ ਤੇ ਦੁਰਾਚਾਰੀ ਦੇ ਘਰ ਦਾ ਖਾਣਾ ਇਹ ਦੋਨੋਂ ਹੀ ਸਮਾਜਿਕ ਜੀਵਨ ਨੂੰ ਸਹੀ ਢੰਗ ਨਾਲ ਨਾ ਜੀਣ ਦੇ ਦੋ ਵੱਡੇ ਕਾਰਨ ਹਨ।

ਜੇਕਰ ਸਾਡੇ ਗੁਰੂ ਸਾਹਿਬਾਨਾਂ ਦਾ ਇਤਿਹਾਸ ਵਿਚਾਰੀਏ ਤੇ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਵੱਲੋਂ ਮਾਸ ਖਾਣ ਦੀ, ਨਸ਼ਾ ਕਰਨ ਦੀ ਪੂਰਨ ਤੌਰ ਤੇ ਮਨਾਈ ਕਿੰਨੇ ਇਤਿਹਾਸਿਕ ਪ੍ਰਮਾਣ ਐਸੇ ਮਿਲ ਜਾਂਦੇ ਹਨ। ਜਿਸ ਵਿੱਚ ਗੁਰੂ ਨਾਨਕ ਦੇਵ ਤੋਂ ਲੈ ਕੇ ਵਰਤਮਾਨ ਸਤਿਗੁਰੂ ਜੀ ਤੱਕ ਗੁਰੂ ਸਾਹਿਬਾਨਾਂ ਨੇ ਦੁਰਾਚਾਰੀ ਦੇ ਘਰੋਂ ਪ੍ਰਸ਼ਾਦਾ ਨਹੀਂ ਛਕਿਆ। ਗੁਰੂ ਨਾਨਕ ਦੇਵ ਜੀ ਆਪਣੇ ਉਪਦੇਸ਼ਾਂ ਵਿੱਚ ਆਖਦੇ ਹਨ, ਪਹਿਲਾ ਤਜੋ ਆਮਖ ਕੋ ਖਾਣਾ ਤੇ ਸਤਿਗੁਰੂ ਰਾਮ ਸਿੰਘ ਜੀ- ਬਾਬਾ ਦਰਬਾਰਾ ਸਿੰਘ ਅਤਿ ਦਾ ਨਸ਼ਈ ਉਸ ਨੂੰ ਚੰਗੇ ਰਾਹੇ ਪਾਇਆ। ਸਿਆਲਕੋਟ ਦਾ ਰਹਿਣ ਵਾਲਾ ਭਾਈ ਘਸੀਟਾ ਅਤਿ ਦਾ ਨਸ਼ਈ, ਹੁੱਕਾ ਪੀਣ ਵਾਲਾ, ਉਸ ਨੂੰ ਸਿੱਧੇ ਰਾਹੇ ਪਾਇਆ। ਸੰਸਾਰ ਨੂੰ ਚੰਗੀ ਮੱਤ ਨਾਲ ਤੇ ਸੱਚੇ ਸੁੱਚੇ ਭੋਜਨ ਨਾਲ ਅਤੇ ਜੀਵਾਂ ਤੇ ਦਇਆ ਕਰਨ ਬਾਰੇ ਵਿਚਾਰਾਂ ਕਰਕੇ ਉਹਨਾਂ ਨੂੰ ਚੰਗਾ ਜੀਵਨ ਜਿਉਣ ਦੀ ਜਾਂਚ ਦੱਸੀ।

ਕਿਸੇ ਦਾ ਦਿਲ ਨਾ ਦੁਖਾਉਣਾ- ਵਿਦਵਾਨ ਆਖਦੇ ਹਨ ਕਦੇ ਦਿਲ ਨਾ ਕਿਸੇ ਦਾ ਦੁਖਾਈਏ, ਦਿਲਾਂ ਵਿੱਚ ਰੱਬ ਵੱਸਦਾ। ਇਨਸਾਨ ਕੋਲੋਂ ਜਾਣੇ ਅਨਜਾਣੇ ਵਿੱਚ ਕਈ ਵਾਰ ਐਸੀ ਗਲਤੀ ਹੋ ਜਾਂਦੀ ਹੈ ਕਿ ਉਸਦੇ ਮੂੰਹ ਚੋਂ ਨਿਕਲੇ ਹੋਏ ਸ਼ਬਦ ਦੂਸਰੇ ਦਾ ਦਿਲ ਵਿੰਨ ਦਿੰਦੇ ਹਨ। ਸੱਚ ਜਾਣਿਓ, ਜੇ ਸੱਚ ਮੁੱਚ ਚੰਗੀ ਜੀਵਨ ਜਾਂਚ ਸਿੱਖਣੀ ਹੈ ਤੇ ਕਿਸੇ ਦਾ ਦਿਲ ਨਾ ਦੁਖਾਓ। ਕੋਈ ਐਸਾ ਸ਼ਬਦ ਨਾ ਬੋਲੋ ਜਿਹੜਾ ਦੂਸਰੇ ਨੂੰ ਦੁੱਖ ਦੇਵੇ। ਵਿਦਵਾਨ ਆਖਦੇ ਨੇ ਪਹਿਲੇ ਤੋਲੋ ਫਿਰ ਬੋਲੋ, ਭਾਵ ਕਿ ਵਿਚਾਰ ਕਰਕੇ ਲੋੜ ਅਨੁਸਾਰ ਬੋਲਿਆ ਜਾਏ। ਇਸ ਸੰਸਾਰ ਦੇ ਵਿੱਚ ਅਸੀਂ ਚੰਗੇ ਜਾਣੇ ਜਾਈਏ। ਸਾਡੀ ਬੋਲੀ ਨੂੰ, ਸਾਡੇ ਸ਼ਬਦਾਂ ਨੂੰ ਲੋਕ ਚੰਗਾ ਸਮਝਣ। ਸਾਡੇ ਨਾਲ ਗੱਲ ਕਰਨਾ ਪਸੰਦ ਕਰਨ।

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥

ਬੁਰੀ ਸੰਗਤ ਤੋਂ ਬੱਚਣਾ- ਵਿਦਵਾਨ ਆਖਦੇ ਹਨ, ਜੈਸੀ ਸੰਗਤ ਵੈਸੀ ਰੰਗਤ ਭਾਵ ਕਿ ਚੰਗੀ ਸੰਗਤ ਕਰਨ ਨਾਲ ਸਾਡਾ ਮੰਨ, ਸਾਡੀ ਬੋਲਬਾਣੀ, ਸਾਡਾ ਆਚਰਨ, ਸਾਡੀ ਰਹਿਣੀ ਬਹਿਣੀ, ਸਭ ਚੰਗੇ ਹੋ ਜਾਂਦੇ ਹਨ ਤੇ ਇਹ ਜੇਕਰ ਭੈੜੀ ਸੰਗਤ ਕੀਤੀ ਜਾਵੇ ਤਾਂ ਸਭ ਕੁਝ ਇਸ ਤੋਂ ਉਲਟ ਹੁੰਦਾ ਹੈ। ਯਾਦ ਰੱਖਣਾ, ਬੁਰੀ ਸੰਗਤ ਵਾਲਿਆਂ ਨੂੰ ਮਿਲਣ ਵਾਲੇ

ਲੋਕ ਵੀ ਕੋਈ ਬਹੁਤੇ ਚੰਗੇ ਨਹੀਂ ਹੁੰਦੇ। ਉਹ ਆਪ ਤਾਂ ਜਗਤ ਵਿੱਚ ਅਪਮਾਨ ਦਾ ਕਾਰਨ ਬਣਦੇ ਨੇ ਤੇ ਦੂਜਿਆਂ ਨੂੰ ਵੀ ਇਸ ਗੱਲ ਦਾ ਬਹੁਤ ਨੁਕਸਾਨ ਹੁੰਦਾ ਹੈ। ਟੀ.ਵੀ. ਵਿੱਚ ਗੰਦੇ ਨਾਟਕ, ਗੰਦੀਆਂ ਫਿਲਮਾਂ, ਗੰਦੇ ਮੈਗਜ਼ੀਨ ਆਦਿ ਪੜ੍ਹਨ ਵਾਲੇ, ਦੇਖਣ ਵਾਲੇ ਕੋਈ ਵੀ ਚੰਗੇ ਨਹੀਂ ਜਾਣੇ ਜਾਂਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਕਿ ਜਦੋਂ ਮਾਤਾ ਗਰਭਵਤੀ ਹੋਏ ਤੇ ਕੋਈ ਵੀ ਬੁਰਾ ਖਿਆਲ ਜਾਂ ਬੁਰਾ ਦੇਖਣਾ, ਬੁਰਾ ਸੁਣਨਾ ਆਦਿ ਉਹਦੇ ਸਾਹਮਣੇ ਨਾ ਆਏ, ਫਿਰ ਉਸਦੀ ਸੰਤਾਨ ਵੀ ਗੁਰਮੁਖ ਪੈਦਾ ਹੋਏਗੀ। ਪਰ ਹੋ ਰਿਹਾ ਇਸ ਤੋਂ ਉਲਟ। ਕਲਯੁਗ ਦੇ ਪ੍ਰਭਾਵ ਵਿੱਚ ਇਨਸਾਨ ਇੰਨਾਂ ਗਵਾਚ ਗਿਆ ਹੈ ਕਿ ਉਹ ਆਪਣੇ ਆਪ ਨੂੰ ਰਸਾਤਲ ਵਾਲੇ ਪਾਸੇ ਲਈ ਜਾ ਰਿਹਾ। ਬੁਰੇ ਬੰਦਿਆਂ ਦੀ ਸੰਗਤ ਕਰਨੀ ਉਹਨੂੰ ਪਸੰਦ ਆਉਣ ਲੱਗ ਪਈ ਹੈ। ਸਾਧ ਸੰਗਤ ਤੋਂ ਦੂਰ ਹੋ ਗਿਆ, ਕਥਾ ਕੀਰਤਨ ਤੋਂ ਦੂਰ ਹੋ ਗਿਆ, ਚੰਗੇ ਗੁਣਾਂ ਵਾਲਿਆਂ ਤੋਂ ਦੂਰ ਹੋ ਗਿਆ, ਜਿਸ ਕਾਰਨ ਅੱਜ ਉਹ ਆਪਣੇ ਆਪ ਨੂੰ ਸੰਸਾਰ ਵਿੱਚ ਕੋਈ ਬਹੁਤਾ ਮਾਣ ਨਹੀਂ ਦਵਾ ਪਾ ਰਿਹਾ। ਇਸ ਕਰਕੇ ਸੰਗਤ ਹਮੇਸ਼ਾ ਸਾਧੂਆਂ, ਮਹਾਂਪੁਰਖਾਂ, ਵਿਦਵਾਨਾਂ ਦੀ ਕਰੀਏ ਨਾ ਕਿ ਬੁਰੇ ਬੰਦਿਆਂ ਦੀ।

ਸੋ ਸਾਧੂਆਂ ਦੀ ਸੰਗਤ ਕੀਤਿਆਂ ਦੁਰਮਤ ਮੈਲ ਦੂਰ ਹੁੰਦੀ ਹੈ। ਚੰਗੇ ਗੁਣ ਆਉਂਦੇ ਹਨ। ਸਾਤਵਿਕ ਜੀਵਨ ਜੀਣ ਦਾ ਇਨਸਾਨ ਨੂੰ ਗਿਆਨ ਹੁੰਦਾ ਹੈ ਅਤੇ ਪਰਮੇਸ਼ਰ ਦੇ ਚਰਨਾਂ ਚ ਪਹੁੰਚਣ ਦਾ ਸੁਭਾਗ ਸਮਾਂ ਪ੍ਰਾਪਤ ਹੁੰਦਾ ਹੈ।

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥
ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥

ਹੱਕ ਹਲਾਲ ਦੀ ਕਮਾਈ ਖਾਣਾ – ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੇ ਤਿੰਨ ਉਪਦੇਸ਼ ਨਾਮ ਜਪੋ, ਵੰਡ ਕੇ ਛਕੋ ਤੇ ਧਰਮ ਦੀ ਕਿਰਤ ਕਰੋ। ਜਦੋਂ ਇਨਸਾਨ ਧਰਮ ਦੀ ਕਮਾਈ ਕਰ ਲੈਂਦਾ ਹੈ ਤੇ ਉਸਦੇ ਵਿੱਚੋਂ ਦਾਨ ਪੁੰਨ ਕਰਦਾ ਹੈ। ਉਸਦੀ ਕਮਾਈ ਬਰਕਤ ਰੂਪ ਬਣ ਜਾਂਦੀ ਹੈ। ਮਿਹਨਤ, ਇਮਾਨਦਾਰੀ ਨਾਲ ਕੀਤੀ ਹੋਈ ਕਮਾਈ ਸਦਾ ਜੀਵਨ ਦੇ ਵਿੱਚ ਆਨੰਦ ਲਿਆਉਂਦੀ ਹੈ। ਹਰ ਤਰਾਂ ਦੇ ਤਨਾਅ ਤੋਂ, ਬੁਰੇ ਕੰਮਾਂ ਤੋਂ, ਮੁਸੀਬਤਾਂ ਤੋਂ ਦੂਰ ਰੱਖਦੀ ਹੈ ਤੇ ਇਸ ਤੋਂ ਉਲਟ ਜੇਕਰ ਕਮਾਈ ਪਾਪ ਦੀ ਹੋਵੇ ਤਾਂ ਅੱਜ ਦੇ ਸਮੇਂ ਵਿੱਚ ਆਖਿਆ ਜਾਂਦਾ ਹੈ ਕਿ ਇਸ ਤੋਂ ਬਿਨਾਂ ਤਾਂ ਕੰਮ ਹੀ ਨਹੀਂ ਚੱਲ ਸਕਦਾ। ਇਹ ਤੇ ਕਰਨਾ ਹੀ ਪੈਂਦਾ ਹੈ। ਕਿਸੇ ਨਾਲ ਹੇਰਾਫੇਰੀ ਕਰ ਲੈਣੀ, ਧੋਖੇ ਨਾਲ ਉਸਦੀ ਮਾਇਆ ਆਪਣੇ ਕੋਲ ਆ ਜਾਣੀ ਇਹਨੂੰ ਸਾਫ ਸ਼ਬਦਾਂ ਵਿੱਚ ਚੋਰੀ ਆਖਿਆ ਜਾਂਦਾ ਹੈ ਤੇ ਇਹ ਕਮਾਈ ਜਦੋਂ ਘਰ ਆਉਂਦੀ ਹੈ ਤਾਂ ਕਈ ਤਰਾਂ ਦੀਆਂ ਦੁਖ ਤਕਲੀਫਾਂ ਨਾਲ ਲੈ ਆਉਂਦੀ ਹੈ। ਅੱਜ ਤਾਂ ਜੁੜਿਆ ਹੋਇਆ ਪੈਸਾ ਬੜਾ ਚੰਗਾ ਲੱਗਦਾ ਹੈ ਕਿ ਮੈਂ ਤੇ ਬਹੁਤ ਜੋੜ ਲਿਆ ਪਰ ਉਹੀ ਮਾਇਆ ਆਉਣ ਵਾਲੇ ਸਮੇਂ ਚ ਬਹੁਤ ਤੰਗ ਕਰਦੀ ਹੈ। ਜਿਸ ਤੋਂ ਫਿਰ ਇਨਸਾਨ ਬਾਰ ਬਾਰ ਤੋਬਾ ਕਰਦਾ ਹੈ ਕਿ ਰੱਬਾ ਬਖਸ਼। ਇਸ ਕਰਕੇ ਕਮਾਈ ਕਿਰਤ ਦੀ ਹੋਵੇ, ਧਰਮ ਅਨੁਸਾਰ ਜੀਵਨ ਵਿੱਚ ਚਲਿਆ ਜਾਵੇ ਤਾਂ ਹੀ ਅੱਗੇ ਦਰਗਾਹ ਦੇ ਵਿੱਚ ਸਾਡੇ ਗੁਰੂ ਤੇ ਪੀਰ ਸਾਡੀ ਹਾਮੀ ਭਰਨਗੇ, ਸਾਡੀ ਬਾਂਹ ਫੜਣਗੇ। ਜੇਕਰ ਕਮਾਈ ਨੇਕ ਨਾ ਹੋਏਗੀ, ਜੇ ਪਾਪ ਦੀ ਕਮਾਈ ਹੋਏਗੀ ਤਾਂ ਕਿਸੇ ਨੇ ਵੀ ਤੁਹਾਡੀ ਬਾਂਹ ਨਹੀਂ ਫੜਨੀ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਨੇ–

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥

ਇਸ ਕਰਕੇ ਕਮਾਈ ਕੇਵਲ ਧਰਮ ਅਨੁਸਾਰ ਹੋਵੇ, ਜਿਸ ਨੂੰ ਅਸੀਂ ਧਰਮ ਦੀ ਕਿਰਤ ਆਖਦੇ ਹਾਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਕਿ ਪਰਾਏ ਹੱਕ ਦਾ ਨਾ ਖਾਓ। ਆਪਣੇ ਹੱਕ ਦਾ ਤਿਆਗ ਕਰੋ ਤੇ ਦੂਜੇ ਦੇ ਹੱਕ ਦੀ ਰਾਖੀ ਕਰੋ। ਜਦੋਂ ਇਨਸਾਨ ਇਹ ਕੰਮ ਕਰਦਾ ਹੈ ਤੇ ਉਸ ਨੂੰ ਲੋਕ ਬਹੁਤ ਚੰਗਾ ਆਖਦੇ ਨੇ। ਇਹ ਭਾਈ ਹਮੇਸ਼ਾ ਗੁਰਮਤ ਅਨੁਸਾਰ ਵਿਚਾਰ ਕਰਦਾ ਹੈ। ਕਿਸੇ ਦਾ ਹੱਕ ਨਹੀਂ ਮਾਰਦਾ, ਕਿਸੇ ਦਾ ਪੈਸਾ ਨਹੀਂ ਰੱਖਦਾ। ਤਾਂ ਯਾਦ ਰੱਖਿਓ, ਇਥੇ ਤਾਂ ਮਾਣ ਪਾ ਹੀ ਰਿਹਾ ਹੈ, ਅੱਗੇ ਦਰਗਾਹ ਦੇ ਵਿੱਚ ਵੀ ਮਾਣ ਪਾਉਂਦਾ ਹੈ। ਸਤਿਗੁਰ ਇਸ ਦੀ ਬਾਂਹ ਫੜਦੇ ਨੇ ਇਹਦੀ ਹਾਮੀ ਭਰਦੇ ਨੇ, ਭਾਈ ਇਹ ਮੇਰਾ ਸੱਚਾ ਸਿੱਖ ਹੈ ਜਿਸਨੇ ਧਰਮ ਦੀ ਕਿਰਤ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ, ਲੋੜਵੰਦਾਂ ਨੂੰ ਦਾਨ ਪੁੰਨ ਦਿੱਤਾ ਤੇ ਇਹ

ਸੰਸਾਰ ਦੇ ਵਿੱਚ ਵੀ ਮਾਣ ਪਾ ਕੇ ਆਇਆ ਤੇ ਇਥੇ ਵੀ ਪਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਚੰਗੇ ਭੋਜਨ ਨੂੰ ਫਿਟਕਾਰਿਆ ਕਿਉਂਕਿ ਉਹ ਪਾਪ ਦੀ ਕਮਾਈ ਦਾ ਬਣਿਆ ਹੋਇਆ ਸੀ, ਪਰ ਦੂਜੇ ਪਾਸੇ ਭਾਈ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਖਾ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਮਲਕ ਭਾਗੋ ਔਖਾ ਹੋਇਆ ਕਿ ਤੁਸੀਂ ਇੱਕ ਗਰੀਬ ਨੂੰ ਮਾਣ ਦੇ ਰਹੇ ਹੋ, ਮੈਨੂੰ ਫਿਟਕਾਰਦੇ ਹੋ। ਮੇਰੇ ਕੋਲ ਤੇ ਰੋਜ਼ ਦੇ ਕਿੰਨੇ ਸਾਧੂ ਆ ਕੇ ਭੋਜਨ ਛਕਦੇ ਨੇ। ਗੁਰੂ ਜੀ ਤੁਸੀਂ ਚੰਗਾ ਨਹੀਂ ਕੀਤਾ। ਸਤਿਗੁਰੂ ਜੀ ਆਖਿਆ ਕਮਾਈ ਆਪਣੀ ਚੰਗੀ ਕਰ ਲੈ, ਤੇਰੀ ਕਮਾਈ ਪਾਪ ਦੀ ਹੈ, ਹੱਕ ਹਲਾਲ ਦੀ ਕਮਾਈ ਕਰਿਆ ਕਰ। ਫਿਰ ਤੇਰਾ ਭੋਜਨ ਵੀ ਸਵੀਕਾਰ ਹੋਏਗਾ। ਗੁਰੂ ਨਾਨਕ ਦੇਵ ਜੀ ਕੌਤਕ ਕਰਕੇ ਵਿਖਾਇਆ ਮਲਕ ਭਾਗੋ ਦੀਆਂ ਪੂੜੀਆਂ ਵਿੱਚੋਂ ਖੂਨ ਤੇ ਭਾਈ ਲਾਲੋ ਜੀ ਦੀ ਪੂੜੀਆਂ ਵਿੱਚੋਂ ਦੁੱਧ ਨਿਕਲਿਆ, ਇਹ ਹੈ ਹੱਕ ਹਲਾਲ ਦੀ ਕਮਾਈ।

ਔਰਤ ਨੂੰ ਸਤਿਕਾਰ – ਔਰਤ ਨੂੰ ਹਮੇਸ਼ਾ ਕਮਜ਼ੋਰ ਸਮਝਿਆ ਗਿਆ। ਪੁਰਾਤਨ ਸਮੇਂ ਵਿੱਚ ਔਰਤ ਦਾ ਜੀਵਨ ਇਕ ਐਸਾ ਜੀਵਨ ਸੀ ਕਿ ਉਹ ਆਪਣੇ ਆਪ ਨੂੰ ਇਕ ਕਾਲ ਕੋਠਰੀ ਵਿੱਚ ਬੰਦ ਰੱਖ ਕੇ ਹੀ ਆਪਣਾ ਜੀਵਨ ਬਤੀਤ ਕਰਦੀ ਸੀ। ਡਰ ਸੀ ਉਸਦੇ ਜੀਵਨ ਦੇ ਵਿੱਚ, ਕਿਉਂਕਿ ਜੰਮਦੀਆਂ ਕੁੜੀਆਂ ਨੂੰ ਮਾਰ ਦੇਣਾ, ਦਾਜ ਦਹੇਜ ਵਰਗੀ ਕੁਰੀਤੀ ਜਿਸ ਨੇ ਸਾਰੇ ਸੰਸਾਰ ਨੂੰ ਗ੍ਰਸਿਆ ਹੋਇਆ ਸੀ। ਮਾਤਾ ਪਿਤਾ ਇਸ ਦਾਜ ਦੇ ਡਰ ਤੋਂ, ਚਿੰਤਾ ਕਰਦੇ ਹੋਏ ਪਿੰਡ ਦੀ ਭੂਆ ਕੋਲੋਂ ਜੰਮਦੀਆਂ ਕੁੜੀਆਂ ਨੂੰ ਮਰਵਾ ਦਿੰਦੇ ਸਨ ਤੇ ਉਹ ਭੂਆ ਮੂੰਹ ਵਿੱਚ ਰੂੰ ਤੇ ਗੁੜ ਦੇ ਕੇ ਇਹੀ ਗੱਲ ਆਖਦੀ ਸੀ ਗੁੜ ਖਾਈ ਪੂਣੀ ਕਟੀ ਆਪ ਨ ਆਈ। ਵੀਰ ਨੂੰ ਕਰਨੀ ਸੋਚੋ ਕੀ ਹੋ ਗਿਆ। ਇਸ ਸੰਸਾਰ ਵਿੱਚ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੂੰ ਜੋਗੀਆਂ ਨੇ ਇੱਥੇ ਤਾਂ ਆਖ ਦਿੱਤਾ ਕਿ ਸੱਚੇ ਪਾਤਸ਼ਾਹ ਗ੍ਰਸਤ ਜੀਵਨ ਵਿੱਚ ਕੁਝ ਨਹੀਂ ਰੱਖਿਆ ਹੋਇਆ, ਸਾਡੇ ਨਾਲ ਜੁੜੋ। ਔਰਤ ਨੂੰ ਆਪਣੇ ਜੀਵਨ ਵਿੱਚੋਂ ਦੂਰ ਕਰੋ ਤਾਂ ਹੀ ਅਸੀਂ ਪਰਮੇਸ਼ਰ ਚਰਨਾਂ ਦੇ ਵਿੱਚ ਸਤਿਕਾਰੇ ਜਾ ਸਕਦੇ ਹਾਂ। ਉਸ ਵੇਲੇ ਔਰਤ ਦੇ ਹੱਕ ਦੇ ਵਿੱਚ ਗੱਲ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਪਹਿਲੇ ਮਹਾਂਪੁਰਖ ਹੋਏ ਜਿਨਾਂ ਨੇ ਆਖਿਆ ਜੋਗੀ ਜੀ ਜਿਸ ਔਰਤ ਦਾ ਤੁਸੀਂ ਤ੍ਰਿਸਕਾਰ ਕਰਦੇ ਹੋ ਜਿਸ ਬਾਰੇ ਆਖਦੇ ਹੋ ਕਿ ਔਰਤ ਨਾ ਕੋਈ ਰਾਜਾ ਬਣ ਪਾਏ ਨਾ ਮਹਾਰਾਜਾ ਬਣ ਪਾਏ ਨਾ ਕੋਈ ਉੱਚੀ ਪਦਵੀ ਪਾ ਪਾਵੇ। ਇਹ ਦੱਸੋ ਕਿ ਇਹ ਜੋ ਕੁਝ ਨਾਮ ਤੁਸੀਂ ਲਏ ਨੇ ਇਹਨਾਂ ਨੂੰ ਜਨਮ ਕਿਹਨੇ ਦਿੱਤਾ ਹੈ। ਰਾਜੇ ਮਹਾਰਾਜਿਆਂ, ਸੰਤਾਂ, ਸਾਧੂਆਂ, ਭਗਤਾਂ ਨੂੰ ਜਨਮ ਦੇਣ ਵਾਲੀ ਔਰਤ ਤ੍ਰਿਸਕਾਰ ਨਹੀਂ ਸਤਿਕਾਰਯੋਗ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਇੱਕ ਕਵੀ ਦਾ ਕਥਨ ਹੈ, ਜੇਕਰ ਔਰਤ ਨਾ ਹੋਤੀ ਬਾਗੋ ਆਲਮ ਮੇ ਤੋ ਸਾਰਾ ਸੰਸਾਰ ਹੀ ਇਕ ਨੁਕਤੇ ਮੇ ਸਿਮਟ ਕੇ ਰਹਿ ਗਿਆ ਹੋਤਾ। ਕੀ ਹੋ ਗਿਆ ਸਾਡੀ ਮੱਤ ਨੂੰ, ਗੁਰੂ ਨਾਨਕ ਦੇਵ ਜੀ ਫਰਮਾਇਆ- ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ। ਇਸ ਔਰਤ ਨੂੰ ਮੰਦਾ ਨਾ ਜਾਣੋ, ਇਸ ਨੇ ਰਾਜੇ ਮਹਾਰਾਜਿਆਂ, ਸੰਤਾਂ, ਸਾਧੂਆਂ ਨੂੰ ਜਨਮ ਦਿੱਤਾ ਹੈ। ਅੱਜ ਦੇ ਯੁੱਗ ਵਿੱਚ ਹਰ ਹਸਪਤਾਲ ਦੇ ਬਾਹਰ ਲਿਖਿਆ ਹੁੰਦਾ ਹੈ- ਲਿੰਗ ਨਿਰਧਾਰਿਤ ਜਾਂਚ ਇੱਕ ਦੰਡਨੀਆ ਅਪਰਾਧ ਹੈ। ਇਹ ਲਿਖਿਆ ਕਿਉਂ ਹੈ ਕਿਉਂਕਿ ਹੋ ਰਿਹਾ ਹੈ। ਅੱਜ ਦੇ ਮਾਤਾ ਪਿਤਾ ਇਸ ਗੱਲ ਦੀ ਚਿੰਤਾ ਵਿੱਚ ਹਨ ਕਿ ਜੇਕਰ ਘਰ ਵਿੱਚ ਕੁੜੀ ਜੰਮ ਪਈ ਤੇ ਇਸ ਦੀ ਪੜ੍ਹਾਈ ਦੇ ਵਿੱਚ ਪਹਿਲੇ ਖਰਚਾ ਹੋਏਗਾ ਬਾਅਦ ਵਿੱਚ ਜਦੋਂ ਇਸਨੂੰ ਘਰੋਂ ਤੋਰਾਂਗੇ ਤਾਂ ਬਹੁਤ ਸਾਰਾ ਦਹੇਜ ਦੇਣਾ ਪਏਗਾ। ਇਸ ਕਰਕੇ ਕੁੜੀ ਜੰਮੀ ਕਿਉਂ ਜਾਏ। ਨਹੀਂ ਜੰਮਣੀ ਅਸੀ ਕੁੜੀ, ਪਰ ਇਹਨਾਂ ਮੂਰਖ ਲੋਕਾਂ ਨੂੰ ਕੋਈ ਸਮਝਾਏ ਕਿ ਹੋ ਸਕਦਾ, ਇਹਨਾਂ ਕੁੜੀਆਂ ਦੇ ਵਿੱਚੋਂ ਹੀ ਕੋਈ ਕੁੜੀ ਵੱਡੀ ਵਕੀਲ, ਜੱਜ ਬਣ ਕੇ ਇਸ ਦਹੇਜ ਰੂਪੀ ਕੁਰੀਤੀ ਨੂੰ ਹੀ ਜੜੋ ਪੁੱਟ ਦੇਵੇ। ਸੋ ਔਰਤ ਨੂੰ ਸਤਿਕਾਰ ਦਿਓ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਹ ਕ੍ਰਾਂਤੀਕਾਰੀ ਕਦਮ ਕਿ ਸੰਸਾਰ ਵਿੱਚੋਂ ਸਮਾਜਿਕ ਕੁਰੀਤੀਆਂ ਦੂਰ ਹੋਣ, ਇੱਕ ਜੂਨ 1863 ਨੂੰ ਪਿੰਡ ਸਿਆੜ ਜਿਲਾ ਲੁਧਿਆਣਾ ਮਾਈਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਤਿੰਨ ਜੂਨ 1863 ਪਿੰਡ ਖੋਟੇ ਜਿਲਾ ਫਿਰੋਜਪੁਰ ਵਿਖੇ ਨਵੀਂ ਅਨੰਦ ਮਰਿਆਦਾ ਤੋਰੀ, ਜੋ ਬਿਨਾਂ ਦਾਜ ਦਹੇਜ ਤੋਂ ਵੇਦੀ ਗੱਡ ਕੇ ਸੂਹੀ ਰਾਗ ਦੀਆਂ ਲਾਵਾਂ ਪੜ੍ਹ ਕੇ ਆਸਾ ਦੀ ਵਾਰ, ਅਨੰਦ ਸਾਹਿਬ ਪਾਠਾਂ

ਦੇ ਭੋਗ, ਪੂਰਨ ਗੁਰਸਿੱਖੀ ਮਰਿਆਦਾ ਵਿੱਚ ਤੇ ਸਵਾ ਰੁਪਏ ਵਿੱਚ ਸ਼ੁਰੂ ਕੀਤਾ। ਜੋ ਮਰਿਆਦਾ ਅੱਜ ਵੀ ਨਾਮਧਾਰੀ ਪੰਥ ਵਿੱਚ ਪ੍ਰਚਲਿਤ ਹੈ ਤੇ ਜਿਸ ਨੂੰ ਵਿਸ਼ਵ ਭਰ ਦੇ ਕੋਨੇ ਕੋਨੇ ਵਿੱਚ ਸਤਿਕਾਰਿਆ ਜਾਂਦਾ ਹੈ। ਜੇ ਅੱਜ ਕਿਸੇ ਜਗ੍ਹਾ ਬਿਨਾਂ ਦਹੇਜ ਤੋਂ ਸ਼ਾਦੀ ਹੋ ਜਾਏ ਤਾਂ ਉਹ ਸਪੈਸ਼ਲ ਮੀਡੀਆ ਵਾਲਿਆਂ ਨੂੰ ਸੱਦਦੇ ਨੇ ਕਿ ਭਾਈ ਵੇਖੋ ਇਹ ਵਿਆਹ ਕਿੰਨਾ ਸਿੰਪਲ ਹੋਇਆ ਪਰ ਯਾਦ ਰੱਖਿਓ ਇੱਕ ਨਾਮਧਾਰੀ ਪੰਥ ਐਸਾ ਪੰਥ ਹੈ, ਜੋ ਸਤਿਗੁਰ ਜੀ ਦੀ ਕਿਰਪਾ ਅਨੁਸਾਰ ਅਜੇ ਤੱਕ ਬਿਨਾਂ ਦਾਜ, ਫਾਲਤੂ ਰਸਮੋ ਰਿਵਾਜ ਇਸ ਤੋਂ ਦੂਰ ਹੋ ਕੇ ਆਨੰਦ ਕਾਰਜ ਕਰਵਾਉਂਦਾ ਹੈ। ਇਕ ਐਸਾ ਕਦਮ ਹੈ ਜਿਸ ਦੇ ਨਾਲ ਕਦੇ ਮਾਤਾ ਪਿਤਾ ਨੂੰ ਇਹ ਗੱਲ ਦੀ ਚਿੰਤਾ ਨਹੀਂ ਹੋਏਗੀ ਕਿ ਮੈਂ ਕੁੜੀ ਵਾਸਤੇ ਧੰਨ ਜੋੜਨਾ ਜਾਂ ਇਹ ਆਉਣ ਵਾਲੇ ਸਮੇਂ ਵਿੱਚ ਮੇਰੇ ਵਾਸਤੇ ਦਹੇਜ ਦਾ ਕਾਰਨ ਬਣੇਗੀ, ਐਸਾ ਕੁਝ ਵੀ ਨਹੀਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਆਖਿਰ ਮੁੰਡੇ ਵਾਲੇ ਕੁੜੀ ਵਾਲਿਆਂ ਕੋਲੋਂ ਪੈਸਾ ਲੈਣ ਕਿਉਂ, ਆਪਣੀ ਆਪਣੀ ਮਾਇਆ ਆਪਣੇ-ਆਪਣੇ ਘਰ ਰੱਖੋ, ਕਿਉਂ ਇਧਰ ਉਧਰ ਜਾਏ। ਜੇਕਰ ਮੁੰਡਾ ਕਿਸੇ ਪਾਸੋਂ ਕਮਜ਼ੋਰ ਹੈ, ਨਹੀਂ ਕਮਾਉਂਦਾ ਤੇ ਉਹ ਪਹਿਲੇ ਮਿਹਨਤ ਕਰਕੇ ਕਮਾਏ ਤਾ ਕਿ ਉਹ ਆਪਣੀ ਗ੍ਰਹਿਸਤੀ ਨੂੰ ਚਲਾ ਸਕੇ, ਨਾ ਕਿ ਪਹਿਲਾਂ ਹੀ ਮਨ ਦੇ ਵਿੱਚ ਇਹ ਸੋਚ ਕੇ ਚੱਲੇ ਕਿ ਮੈਨੂੰ ਤਾਂ ਦਹੇਜ ਮਿਲ ਜਾਣਾ ਹੈ ਮੈਂ ਉਹਦੇ ਨਾਲ ਹੀ ਕੰਮ ਚਲਾ ਲਾਵਾਂਗਾ। ਨਹੀਂ ਇਹ ਇਕ ਲੋਭ, ਇਕ ਲਾਲਚ ਇਹਦੇ ਨਾਲ ਆਈ ਹੋਈ ਮਾਇਆ ਕੋਈ ਬਹੁਤਾ ਸਮਾਂ ਸਾਥ ਨਹੀਂ ਦਿੰਦੀ। ਇਸ ਕਰਕੇ ਦਹੇਜ ਰੂਪੀ ਇਸ ਕੁਰੀਤੀ ਨੂੰ ਆਪਣੇ ਜੀਵਨ ਵਿੱਚੋਂ ਦੂਰ ਕੀਤਾ ਜਾਵੇ।

ਪਰਾਈ ਤਾਤ ਤੋਂ ਬਚਣਾ- ਸਮਾਜਿਕ ਜੀਵਨ ਜਿਉਣ ਵਾਸਤੇ ਇੱਕ ਹੋਰ ਮਹਤਪੂਰਨ ਪਹਿਲੂ ਕਿ ਪਰਾਈ ਤਾਤ, ਪਰਾਈ ਨਿੰਦਾ ਤੋਂ ਬਚਿਆ ਜਾਏ। ਉਸ ਵਾਸਤੇ ਕਰਨਾ ਕੀ ਹੈ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ-

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਨੇ ਸਾਧ ਸੰਗਤ ਵਿੱਚ ਜਾਇਆਂ ਪਤਾ ਲੱਗਦਾ ਕਿ ਸਾਡੇ ਮਨ ਵਿੱਚੋ ਪਰਾਈ ਤਾਤ ਵਰਗਾ ਭੈੜਾ ਔਗੁਣ ਦੂਰ ਹੋ ਗਿਆ ਜਦ ਤੋਂ ਮੈਨੂੰ ਸਾਧੂਆਂ ਦੀ ਸੰਗਤ ਮਿਲ ਗਈ ਹੈ। ਹੁਣ ਮੇਰੇ ਵਾਸਤੇ ਨਾ ਕੋਈ ਵੈਰੀ ਰਿਹਾ ਨਾ ਹੀ ਬੇਗਾਨਾ ਰਿਹਾ। ਭਾਈ ਘਨਈਆ ਜੀ ਇਦਾਂ ਨਹੀਂ ਸਨ, ਵੈਰੀਆਂ ਨੂੰ ਪਾਣੀ ਪਿਆਉਂਦੇ ਕਿਉਂਕਿ ਸਤਿਗੁਰੂ ਜੀ ਅੱਖਾਂ ਹੀ ਐਸੀਆਂ ਬਖਸੀਆਂ ਕਿ ਕੋਈ ਵੈਰੀ ਦਿਸਦਾ ਹੀ ਨਹੀਂ ਸਾਰੇ ਆਪਣੇ ਲੱਗਦੇ ਨੇ।

ਸਾਂਝੀਵਾਲਤਾ ਸਭ ਝਗੜਿਆਂ ਨੂੰ ਦੂਰ ਕਰ ਪਿਆਰ ਬਣਾ ਇਕੱਠੇ ਹੋ ਕੇ ਰਹਿਣਾ- ਸਾਡੇ ਦੇਸ਼ ਵਿੱਚ ਬਹੁਤ ਸਾਰੇ ਵੱਖ ਵੱਖ ਧਰਮ ਹਨ ਜਿਨਾਂ ਦੀ ਪੋਸ਼ਾਕ, ਮਰਿਆਦਾ, ਰਹਿਣੀ ਬਹਿਣੀ ਸਭ ਵੱਖਰੀ ਹੈ। ਪਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਆਉਂਦਾ ਹੈ ਕਿ ਸਾਡੇ ਬਾਣੇ ਵੱਖਰੇ, ਬੋਲਬਾਣੀ ਵੱਖਰੀ, ਪਰ ਫਿਰ ਵੀ ਅਸੀਂ ਉਸ ਇੱਕ ਦੀ ਹੀ ਅਰਾਧਨਾ ਕਰਦੇ ਹਾਂ, ਜੋ ਕਣ ਕਣ ਵਿੱਚ ਰਮਿਆ ਹੋਇਆ ਹੈ ਜੋ ਸਾਰੀ ਸ੍ਰਿਸ਼ਟੀ ਦਾ ਪਾਲਕ ਹੈ। ਸਾਡੀ ਪਹਿਚਾਣ ਅਲੱਗ-ਅਲੱਗ ਹੋ ਸਕਦੀ ਹੈ, ਮਰਿਆਦਾ ਅਲੱਗ ਅਲੱਗ ਹੋ ਸਕਦੀ ਹੈ ਪਰ ਅਕੀਦਾ ਇੱਕ ਹੈ, ਸਾਰੇ ਸੁਖੀ ਵਸਣ। ਸਭਨਾਂ ਵਿੱਚ ਪ੍ਰੇਮ ਹੋਏ, ਈਰਖਾ ਨਿੰਦਿਆ ਚੁਗਲੀ ਇਹਨਾਂ ਤੋਂ ਦੂਰ ਹੋ ਕੇ ਗੁਰਬਾਣੀ ਅਨੁਸਾਰ ਜੀਵਨ ਜਿਉਂਇਆ ਜਾਏ, ਕੋਈ ਵੀ ਦੁਖੀ ਨਾ ਦਿਸੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1934 ਵਿੱਚ ਸ੍ਰੀ ਭੈਣੀ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਉੱਤੇ ਹਿੰਦੂ ਸਿੱਖ ਮਿਲਾਪ ਕਾਨਫਰੰਸ ਕਰਵਾਈ ਤੇ ਉਸ ਵੇਲੇ ਕਰਵਾਈ ਜਦੋਂ ਇਸ ਬਾਰੇ ਸੋਚਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਪਰ ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਸਾਰਿਆਂ ਨੂੰ ਇੱਕੋ ਸਥਾਨ ਤੇ ਇਕੱਠਾ ਬਿਠਾ ਕੇ ਧਰਮ ਦਾ ਸੱਚਾ ਮਾਰਗ, ਸੱਚੀ ਮਰਿਆਦਾ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਤੇ ਅੱਜ ਤੱਕ ਇਸ ਗੱਲ ਤੇ ਪਹਿਰਾ ਦਿੱਤਾ ਜਾਂਦਾ ਹੈ ਕਿ ਕੋਈ ਮਜਹਬ, ਕੋਈ ਧਰਮ ਨਹੀਂ ਸਿਖਾਉਂਦਾ ਕਿ ਆਪਸ ਵਿੱਚ ਲੜਿਆ ਜਾਵੇ, ਵੈਰ ਰੱਖੇ ਜਾਣ ਮਜਹਬ ਨਹੀਂ ਸਿਖਾਉਂਦਾ ਆਪਸ ਵਿੱਚ ਵੈਰ ਰੱਖਣਾ। ਤੇ ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹੁਣ ਤੱਕ ਤਕਰੀਬਨ ਕਿੰਨੇ ਹੀ ਧਰਮ ਸੰਮੇਲਨ ਕਰਵਾਏ। ਜਿਸ ਦਾ ਮੰਤਵ ਇਹ ਸੀ ਕਿ ਸਾਰੇ ਧਰਮ ਗੁਰੂ ਇਕੱਠੇ ਹੋ ਕੇ ਇੱਕੋ ਆਵਾਜ਼ ਵਿੱਚ ਬੋਲਣ ਕਿ ਅਸੀਂ ਸਭ ਇਕ ਹਾਂ। ਅੱਜ ਬੱਚਿਆਂ ਨੂੰ ਪੜ੍ਹਾਈ ਤੋਂ ਦੂਰ ਕਰਕੇ ਲੜਾਈ ਝਗੜਿਆਂ ਬਾਰੇ ਦੱਸਿਆ ਜਾ ਰਿਹਾ ਹੈ ਪਰ ਇਹ ਧਰਮ ਨਹੀਂ ਅੱਜ ਬੱਚੇ ਨੂੰ ਗਿਆਨ ਦੀ ਲੋੜ, ਚੰਗਾ ਪੜ੍ਹੇ, ਚੰਗੇ ਆਹੁਦੇ ਤੇ ਪਹੁੰਚੇ, ਆਪਣੇ ਮਾਤਾ ਪਿਤਾ ਦਾ

ਨਾਮ ਰੌਸ਼ਨ ਕਰੇ। ਤਾਂ ਸੋਨੇ ਦੀ ਜਾਣੀ ਜਾਣ ਵਾਲੀ ਇਸ ਭਾਰਤ ਦੀ ਧਰਤੀ ਨੂੰ ਦੁਬਾਰਾ ਅਸੀਂ ਉਸੇ ਪਦਵੀ ਤੇ ਲਿਆ ਸਕੀਏ, ਜਿਸ ਵਿੱਚ ਸਾਰੇ ਇੱਕ ਦੇ ਸਨ। ਕੋਈ ਕਿਸੇ ਦਾ ਵੈਰੀ ਨਾ ਹੋਏ ਇਸ ਵਾਸਤੇ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਨੇ-

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਸਭੇ ਸਾਝੀਵਾਲ ਸਦਾਇਨਿ ਤੂੰ
ਕਿਸੈ ਨ ਦਿਸਹਿ ਬਾਹਰਾ ਜੀਉ॥੩॥

ਅੰਤ ਵਿੱਚ ਮੈਂ ਇਹ ਅਰਜ਼ ਕਰਾਂਗਾ ਕਿ ਗੁਰਬਾਣੀ ਕੇਵਲ ਮੱਥਾ ਟੇਕਣ ਤੱਕ ਨਹੀਂ, ਗੁਰਬਾਣੀ ਵਿੱਚ ਜੋ ਵਿਚਾਰਾਂ ਨੇ ਉਸ ਨੂੰ ਅਸੀਂ ਮਨਾਂ ਵਿੱਚ ਧਾਰੀਏ। ਅਤੇ ਆਪਣੇ ਜੀਵਨ ਦੇ ਵਿੱਚ ਜੋ ਜੋ ਸਤਿਗੁਰ ਜੀ ਵੱਲੋਂ ਗੁਰਬਾਣੀ ਵਿੱਚ ਉਪਦੇਸ਼ ਨੇ ਉਹਨਾਂ ਉੱਤੇ ਚੱਲਣ ਦਾ ਯਤਨ ਕਰੀਏ, ਤਾਂ ਕਿ ਸਾਡੇ ਜੀਵਨ ਦੇ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਹੋ ਸਕਣ ਤੇ ਇਹ ਹੀ ਮੰਤਵ ਲੈ ਕੇ ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੱਚੇ ਪਾਤਸ਼ਾਹ ਵਿਸ਼ਵ ਭਰ ਦੇ ਕਲਿਆਣ ਵਾਸਤੇ ਮੰਗਲ ਕਾਮਨਾ ਕਾਰਣ ਵਰਨੀ, ਪਾਠ ਇਤਿਆਦਿ ਕਰਵਾ ਰਹੇ ਹਨ। ਸੋ ਅਸੀਂ ਵੀ ਇਸ ਦੇ ਵਿੱਚ ਹਿੱਸਾ ਪਾਈਏ ਤੇ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਚਲਾਈਏ।

.......................................................

## ਅਸੀਮ ਦਾ ਅਨੁਭਵ

ਤਦ ਤਾਂ 'ਅਸੀਮ' ਦਾ ਸੰਕਲਪ ਸੁਨ ਹੋਵੇਗਾ। 'ਅਸੀਮ ਨੂੰ ਇਸ ਲਈ ਆਭਾਵਾਤਮਕ ਸੰਕਲਪ ਨਹੀਂ ਕਿਹਾ ਜਾ ਸਕਦਾ। ਜੇ ਇਹ 'ਅਭਾਵਾਤਮਕ' ਤੋਂ ਵੱਧ ਕੁਝ ਨਹੀਂ ਹੈ, ਤਦ ਇਹ ਸ਼ਬਦ 'ਝੂਠੀ ਸਮਰੂਪਤਾ' ਦੇ ਆਸਰੇ ਘੜਿਆ ਗਿਆ ਹੈ ਅਤੇ ਸੁਨ ਹੈ।

**ਕੀ ਸੀਮਤ ਨੂੰ ਅਸੀਮ ਦਾ ਅਨੁਭਵ ਹੋ ਸਕਦਾ ਹੈ ?**

ਹੁਣ ਤੀਕ ਜਿਤਨੇ ਇਤਰਾਜ਼ ਅਸੀਂ ਦੇਖੇ ਹਨ, ਉਹ ਮਿੱਤਰ ਅਲੋਚਕਾਂ ਵੱਲੋਂ ਹਨ। ਇਹ ਮੇਰੀ ਪੇਸ਼ ਕੀਤੀ ਧਰਮ ਦੀ ਪਰਿਭਾਸ਼ਾ ਵਿਚ ਕੇਵਲ ਸੰਸ਼ੋਧਨ ਕਰਦੇ ਹਨ; ਇਹ ਉਪਰ ਦਿਤੇ ਪ੍ਰਸ਼ਨ ਨੂੰ ਸਾਹਮਣੇ ਨਹੀਂ ਲਿਆਉਂਦੇ । ਪਰ ਸਾਰੇ ਜਾਣਦੇ ਹਨ ਕਿ ਇਹ ਪ੍ਰਸ਼ਨ ਵੀ ਪੇਸ਼ ਕੀਤਾ ਗਿਆ ਹੈ। ਮਨੁੱਖਾਂ ਦੀ ਇਕ ਵੱਡੀ ਸ਼੍ਰੇਣੀ ਹੈ ਜਿਸ ਵਿਚ ਕੇਵਲ ਪੇਸ਼ਾਵਰ ਦਰਸ਼ਨਾਚਾਰੀਆ ਹੀ ਨਹੀਂ ਹਨ, ਸਗੋਂ ਸਮਾਜ ਦੇ ਹਰ ਵਰਗ ਦੇ ਸੁਤੰਤਰ ਚਿੰਤਕ ਵੀ ਸ਼ਾਮਲ ਹਨ, ਜੋ ਇਹ ਸੋਚਦੀ ਹੈ ਕਿ ਧਰਮ ਦੀ ਪਰਿਭਾਸ਼ਾ ਦੇਣ ਦਾ ਹਰ ਜਤਨ ਬਿਲਕੁਲ ਨਿਸਫਲ ਹੈ, ਜਿਹੜੇ ਇਸ ਪ੍ਰਕਾਰ ਦੀ ਕੋਈ ਚਰਚਾ ਵੀ ਨਹੀਂ ਸੁਣਨਾ ਚਾਹੁੰਦੇ ਕਿ ਕੋਈ ਧਰਮ ਝੂਠਾ ਹੈ ਜਾਂ ਕੋਈ ਹੋਰ ਧਰਮ ਸਚਾ ਹੈ, ਸਗੋਂ ਕੇਵਲ ਇਸੇ ਪ੍ਰਕਾਰ ਦੇ ਧਰਮ ਦੀ ਹੋਂਦ ਤੋਂ ਹੀ ਇਨਕਾਰੀ ਹਨ ਕਿ ਮਨੁੱਖ 'ਅਸੀਮ' ਦਾ ਅਨੁਭਵ ਕਰ ਹੀ ਨਹੀਂ ਸਕਦਾ, ਜਦੋਂ ਕਿ ਸਾਰੇ ਧਰਮ ਇਸ ਗਲ ਤੇ ਸਹਿਮਤ ਹਨ ਕਿ ਉਨ੍ਹਾਂ ਦਾ ਵਿਸ਼ਾ ਐਸੀਆਂ ਵਸਤਾਂ ਹਨ ਜੋ, ਪੂਰੇ ਜਾਂ ਅਧੂਰੇ ਰੂਪ ਵਿਚ, ਸਾਡੀਆਂ ਇੰਦ੍ਰਿਕ ਜਾਂ ਬੌਧਿਕ ਸ਼ਕਤੀਆਂ ਦੀ ਸੂਝ ਤੋਂ ਪਰੇ ਦੀਆਂ ਹਨ। ਇਹ ਹੈ ਯੁਕਤੀ ਜੋ 'ਨਿਸਚਿਤ ਫਲਸਫੇ' (positive philosophy) ਦਾ ਆਧਾਰ ਹੈ ਤੇ ਜਿਸ ਕਰਕੇ ਉਹ ਧਰਮ ਦੀ ਹੋਂਦ ਤੋਂ ਇਨਕਾਰੀ ਹੈ ਅਤੇ ਐਸੇ ਲੋਕਾਂ ਨੂੰ ਪ੍ਰਮਾਣ ਪੇਸ਼ ਕਰਨ ਲਈ ਵੰਗਾਰਦਾ ਹੈ ਜੋ ਇੰਦ੍ਰਿਆਂ ਅਤੇ ਬੁੱਧੀ ਤੋਂ ਬਿਨਾਂ ਗਿਆਨ ਪ੍ਰਾਪਤੀ ਦਾ ਕੋਈ ਹੋਰ ਸਾਧਨ ਵੀ ਮੰਨਦੇ ਹਨ।

ਇਹ ਕੋਈ ਨਵੀਂ ਵੰਗਾਰ ਨਹੀਂ ਹੈ, ਨਾ ਹੀ ਇਹ ਰਣਭੂਮੀ ਜਿਸ ਤੇ ਲੜਾਈ ਹੋਣੀ ਹੈ, ਨਵੀਂ ਹੈ। ਇਹ ਪੁਰਾਤਨ ਰਣਭੂਮੀ ਹੀ ਹੈ ਜਿਸ ਦੀ ਕਾਂਤ ਨੇ ਪੂਰੀ ਦੇਖ-ਰੇਖ ਕੀਤੀ ਹੋਈ ਹੈ। ਫ਼ਰਕ ਕੇਵਲ ਇਤਨਾ ਹੈ ਕਿ ਇਕ ਰਸਤਾ ਜਿਹੜਾ ਉਸ ਦੇ ਸਮੇਂ ਖੁੱਲ੍ਹਾ ਰਹਿ ਗਿਆ ਸੀ-ਭਾਵ ਨੈਤਿਕ ਸੱਚ ਦਾ ਪੂਰਨ ਵਿਸ਼ਵਾਸ ਅਤੇ ਇਸ ਦੁਆਰਾ ਪ੍ਰਭੂ-ਹੋਂਦ ਦਾ ਦ੍ਰਿੜ ਵਿਸ਼ਵਾਸ਼ ਉਹ ਹੁਣ ਬੰਦ ਹੋ ਗਿਆ ਹੈ। ਹੁਣ ਇਸ ਦਲੀਲ ਨਾਲ ਬਚਾ ਨਹੀਂ ਹੋ ਸਕਦਾ। ਇਸ ਲਈ ਦੋ ਧਿਰਾਂ-ਇਕ ਇਹ ਮੰਨਣ ਵਾਲੀ ਧਿਰ ਕਿ ਕੋਈ ਵਸਤੂ ਐਸੀ ਹੈ ਜੋ ਸਾਡੇ ਇੰਦ੍ਰਿਆਂ ਤੇ ਬੁੱਧੀ ਦੀ ਪਕੜ ਤੋਂ ਉਪਰ ਹੈ ਅਤੇ ਮਨੁੱਖ ਪਾਸ 'ਅਸੀਮ' ਦੀ ਸੂਝ ਲਈ ਕੋਈ ਵਿਸ਼ੇਸ਼ ਸਕਤੀ ਜਾਂ ਕ੍ਰਿਆਤਮਕ ਸਮਰਥਾ ਹੈ, ਦੂਜੀ ਧਿਰ ਉਨ੍ਹਾਂ ਦੀ ਜੋ ਕੇਵਲ ਮਨੋ-ਵਿਗਿਆਨਕ ਕਾਰਨਾਂ ਕਰਕੇ ਇਸ ਸ਼ਕਤੀ ਦੀ ਹੋਂਦ ਤੋਂ ਮੁਨਕਰ ਹਨ- ਦੀ ਲੜਾਈ ਦਾ ਸਿੱਟਾ ਇਕ ਦੀ ਜਿੱਤ ਅਤੇ ਦੂਜੀ ਦਾ ਹਾਰ ਮੰਨਣਾ ਹੀ ਹੋ ਸਕਦਾ ਹੈ।

.......................................................

# ਗੁਰਬਾਣੀ ਇਸ ਜਗ ਮਹਿ ਚਾਨਣ

**ਮਨਪ੍ਰੀਤ ਕੌਰ**
mannkauroffical@gmail.com

ਜਦੋਂ ਦੀ ਸਰਬ-ਸ਼ਕਤੀਮਾਨ ਪਰਮੇਸ਼ਵਰ ਨੇ ਇਸ ਸੰਸਾਰ ਦੀ ਸਿਰਜਨਾ ਕੀਤੀ, ਇਸ ਤੇ ਵੱਸਦੇ ਮਨੁੱਖ ਨੇ ਅਕਾਲ-ਪੁਰਖ ਪ੍ਰਮਾਤਮਾ ਦੀ ਸੁਰਤੀ ਲਈ ਆਪਣੇ ਮਨ ਚੋਂ ਉੱਠਦੇ ਵਿਚਾਰਾਂ ਦੇ ਪ੍ਰਗਟਾਅ ਵਾਸਤੇ ਕਈਂ ਪ੍ਰਕਾਰ ਦੇ ਸ਼ਬਦਾਂ ਅਤੇ ਧੁੰਨੀਆਂ ਦਾ ਪ੍ਰਯੋਗ ਕੀਤਾ। ਪਹਿਲਾਂ-ਪਹਿਲ ਸਿਰਜਨਾ ਅਤੇ ਵਿਨਾਸ਼ ਦੋ ਅਦ੍ਰਿਸ਼ਟ ਸ਼ਕਤੀ ਮਨੁੱਖ ਨੂੰ ਪ੍ਰਭਾਵਤ ਕਰਦੀ ਅਤੇ ਉਹ ਕਾਦਰ ਦੀ ਕੁਦਰਤ ਅੱਗੇ ਸਨਿਮਰ ਪ੍ਰਣਾਮ ਕਰਦਾ ਅਤੇ ਭੈਅ ਤੇ ਅਸਚਰਜ ਦੀਆਂ ਭਾਵਨਾਵਾਂ ਵਿਚਕਾਰ ਡੋਲਦਾ ਰਹਿੰਦਾ ਪਰ ਹੌਲੀ-ਹੌਲੀ ਬ੍ਰਹਿਮੰਡ ਦੇ ਵਿਕਾਸ ਨਾਲ ਵਖ-ਵਖ ਧਰਮਾਂ ਨੇ ਜਨਮ ਲੈਣਾ ਸ਼ੁਰੂ ਕੀਤਾ ਅਤੇ ਮਨੁੱਖ ਲਈ ਪ੍ਰਭੂ-ਭਗਤੀ ਵਿਚ ਮਾਰਗ-ਦਰਸ਼ਨ ਪ੍ਰਾਪਤ ਹੋਣਾ ਸ਼ੁਰੂ ਹੋ ਗਿਆ।

ਸਿੱਖ ਧਰਮ ਦੀ ਉਤਪੱਤੀ ਪੰਦਰ੍ਹਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਆਗਮਨ ਨਾਲ ਹੋਈ ਅਤੇ ਆਪ ਹੀ ਨੇ ਇਲਾਹੀ ਬਾਣੀ ਦਾ ਉਚਾਰਨ ਕਰਕੇ ਇਸ ਘੁੱਪ ਹਨੇਰੇ ਸੰਸਾਰ ਵਿਚ ਜਗਮਗ ਕਰਦੇ ਚਾਨਣ ਦਾ ਪਸਾਰ ਤੇ ਵਿਸਤਾਰ ਆਰੰਭ ਦਿੱਤਾ। ਉਸ ਤੋਂ ਮਗਰੋਂ ਦੂਜੇ ਤੋਂ ਲੈ ਕੇ ਪੰਜਵੇਂ ਅਤੇ ਨੌਵੇਂ ਪਾਤਸ਼ਾਹ ਨੇ ਗੁਰਬਾਣੀ ਉਚਾਰਨ ਕੀਤੀ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਅਤੇ ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਦੀਆਂ ਕਿਰਤਾਂ ਦਾ ਸੰਪਾਦਨ ਤੇ ਸੰਕਲਨ ਕਰਕੇ ਕਲਜੁਗੀ ਜੀਵਾਂ ਤੇ ਭਾਰੀ ਉਪਕਾਰ ਕੀਤਾ।

ਆਪ ਜੀ ਨੇ ਸੰਨ 1604 ਵਿੱਚ ਇਸ ਪਵਿੱਤਰ ਗ੍ਰੰਥ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਥਾਪਨਾ ਕੀਤੀ। ਇਸ ਦੇ ਨਾਲ ਹੀ ਆਪ ਜੀ ਨੇ ਕਈ ਹਿੰਦੂ ਭਗਤਾਂ ਅਤੇ ਕੁਝ ਮੁਸਲਮਾਨ ਭਗਤਾਂ ਦੀ ਬਾਣੀ ਨੂੰ ਇਸ ਪਾਵਨ ਬੀੜ ਵਿੱਚ ਸ਼ਾਮਲ ਕੀਤਾ। ਉਨ੍ਹਾਂ ਦੀ ਬਾਣੀ ਨੂੰ ਵੀ ਗੁਰੂ ਸਾਹਿਬਾਨ ਦੀ ਲਿਖੀ ਬਾਣੀ ਦੇ ਬਰਾਬਰ ਸਥਾਨ ਦਿੱਤਾ। ਇਸ ਤੋਂ ਇਲਾਵਾ ਗਿਆਰਾਂ ਭੱਟਾਂ ਦੀ ਬਾਣੀ ਨੂੰ ਪਵਿੱਤਰ ਗ੍ਰੰਥ ਸਾਹਿਬ ਵਿਚ ਥਾਂ ਬਖਸ਼ ਕੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਤੇ ਸੰਤਾਂ ਦੀ ਬਾਣੀ ਹੈ, ਉਹ ਦੇਸ਼ ਦੇ ਵੱਖ-ਵੱਖ ਭਾਗਾਂ ਨਾਲ ਸੰਬੰਧਤ ਹਨ ਅਤੇ ਵੱਖੋ-ਵੱਖਰੀਆਂ ਜ਼ਾਤਾਂ ਅਤੇ ਕਿੱਤਿਆਂ ਕਰਕੇ ਪਛਾਣੇ ਜਾਂਦੇ ਹਨ। ਜਿੱਥੇ ਕਬੀਰ ਜੀ ਜੁਲਾਹਾ ਸਨ, ਉੱਥੇ ਰਵਿਦਾਸ ਜੀ ਚਮਾਰ ਸਨ। ਨਾਮਦੇਵ ਜੀ ਛੀਂਬਾ ਪਰਿਵਾਰ ਤੋਂ ਸਨ, ਤਰਲੋਚਨ ਜੀ ਬ੍ਰਾਹਮਣ ਸਨ ਅਤੇ ਪੀਪਾ ਜੀ ਇੱਕ ਰਾਜਾ ਸਨ। ਸ਼ੇਖ਼ ਫ਼ਰੀਦ ਜੀ ਦੇ ਪੁਰਖੇ ਅਫ਼ਗਾਨਿਸਤਾਨ ਤੋਂ ਆਏ ਸਨ ਅਤੇ ਉਹ ਆਪ ਸੂਫ਼ੀ ਮੱਤ ਦੇ ਚਿਸ਼ਤੀਆਂ ਸਿਲਸਿਲੇ ਦੇ ਸੰਤ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਜ ਪਿਤਾ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਵੈਰਾਗਮਈ ਸਲੋਕਾਂ ਅਤੇ ਹੋਰ ਬਾਣੀ ਨੂੰ ਸਿਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਇਕ ਮਹਾਨ ਤੇ ਪਵਿੱਤਰ ਗ੍ਰੰਥ ਤਿਆਰ ਕੀਤਾ ਅਤੇ ਇਸ ਵਿਚ ਅੰਕਿਤ ਰੂਹਾਨੀ ਖ਼ਜ਼ਾਨੇ ਨੂੰ ਸਾਰੀ ਮਨੁੱਖਤਾ ਲਈ ਅਧਿਆਤਮਕ ਤੇ ਸੱਚੇ ਮਾਰਗ-ਦਰਸ਼ਕ ਦੀ ਪਦਵੀ ਪ੍ਰਦਾਨ ਕੀਤੀ।

ਗੁਰਬਾਣੀ ਦੁਆਰਾ ਗੁਰੂ ਸਾਹਿਬਾਨ ਨੇ ਇਕ ਅਕਾਲ-ਪੁਰਖ ਦੀ ਅਰਾਧਨਾ ਅਤੇ ਸਾਰੀ ਮਨੁੱਖਤਾ ਦੀ ਏਕਤਾ ਅਤੇ ਭਰਾਵਲੀ ਦਾ ਉਪਦੇਸ਼ ਦਿਤਾ।

ਏਕ ਪਿਤਾ ਏਕਸ ਕੇ ਹਮ ਬਾਰਿਕ
ਤੂੰ ਮੇਰਾ ਗੁਰ ਹਾਈ
ਸੁਣ ਮੀਤਾ ਜੀਉ
ਹਮਾਰਾ ਬਲਿ ਬਲਿ ਜਾਸੀ
ਹਰਿ ਦਰਸ਼ਨ ਦੇਹੁ ਦਿਖਾਈ॥

ਵਹਿਗੁਰੂ ਹੀ ਪ੍ਰੀਤਮ ਅਤੇ ਪ੍ਰਾਨ ਅਧਾਰ ਹੈ, ਸੱਚਾ ਪਰਵਰਦਿਗਾਰ ਹੈ। ਉਹੀ ਹਰ ਥਾਂ ਰਖਵਾਲਾ ਹੈ, ਉਹੀ ਸੁੱਖਦਾਤਾ ਹੈ, ਉਹ ਅਤਿ ਦਇਆਲੂ ਅਤੇ ਕਿਰਪਾਲੂ ਹੈ।

ਤੂ ਮੇਰੇ ਮੀਤ ਸਖਾ ਹਰਿ ਪ੍ਰਾਨ।
ਮਨੁ ਧਨੁ ਜੀਉ ਪਿੰਡ ਸਭ ਤੁਮਰਾ
ਇਹ ਤਨੁ ਸੀਤੋ ਤੁਮਰੇ ਧਾਨ।

**ਬਾਕੀ ਸਫਾ ਨੰ 38 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

7:30 ਵਜੇ ਸ਼ਾਮੀਂ ਇਕ ਸੰਗੀਤ ਸਭਾ ਦਾ ਆਯੋਜਨ ਹੋ ਗਿਆ। ਇਸ ਵਿਚ ਭਾਰਤ ਦੇ ਚੋਟੀ ਦੇ ਕਲਾਕਾਰ ਭਾਗ ਲੈ ਰਹੇ ਸਨ ਜਿਵੇਂ ਪੰ. ਰਾਮ ਨਰਾਇਣ ਪ੍ਰਸਿੱਧ ਸਾਰੰਗੀ ਸਮ੍ਰਾਟ, ਪੰ. ਗੋਪਾਲ ਕ੍ਰਿਸ਼ਨ ਪ੍ਰਸਿੱਧ ਰੁੱਦ੍ਰਵੀਣਾ ਵਾਦਨ, ਪੰ. ਦੁਰਗਾ ਲਾਲ ਚੋਟੀ ਦੇ ਕੱਥਕ ਕ੍ਰਿਤਕਾਰ, ਸ੍ਰੀ ਰਾਜਨ ਮਿਸ਼ਰਾ (ਗਾਇਕ), ਪੰ. ਦੁਰਗਾ ਲਾਲਾ ਦੇ ਧਰਮ ਪਿਤਾ ਸ੍ਰੀ ਸਿਆਮ ਸੁੰਦਰ ਸਭਰਵਾਲ (ਅਮਰੀਕਾ ਤੋਂ ਆਏ) ਸ. ਅਵਤਾਰ ਸਿੰਘ (ਤਬਲਾ ਵਾਦਕ), ਉਸਤਾਦ ਹਰਭਜਨ ਸਿੰਘ ਅਤੇ ਨਾਮਧਾਰੀ ਕਲਾਕਾਰਾਂ ਦਾ ਗਰੁੱਪ ਜਿਸ ਵਿਚ ਹੇਠ ਲਿਖੇ ਨੌਜਵਾਨ ਸ਼ਾਮਿਲ ਰਹਿੰਦੇ ਹਨ। ਕਦੇ ਘੱਟ ਕਦੇ ਵੱਧ- ਸਰਵ ਸ੍ਰੀ ਬਲਜੀਤ ਸਿੰਘ (ਤਾਰ ਸ਼ਹਿਨਾਈ), ਸੁਖਦੇਵ ਸਿੰਘ ਸੁਖੀ (ਮ੍ਰਿਦੰਗ ਸਿੱਖਿਆਰਥੀ), ਮੱਘਾ ਸਿੰਘ ਬੈਂਕੋਕ (ਤਾਊਸ ਤੇ ਗਾਇਕ) ਸੁਰਜੀਤ ਸਿੰਘ ਸਾਰੰਗੀ, ਸਤਪਾਲ ਸਿੰਘ ਜੰਮੂ (ਬੰਸਰੀ ਵਾਦਕ)। ਥੋੜਾ ਚਿਰ ਪਿੱਛੋਂ ਕਲਾਕਾਰਾਂ ਵਿਚ ਪੰ. ਰਾਮ ਨਰਾਇਣ ਜੀ ਦੀ ਪੁੱਤਰੀ ਅਰੁਣਾ ਕੱਲ੍ਹੇ ਆਏ ਪਤੀ ਅਸ਼ੋਕ ਕੱਲ੍ਹੇ ਨਾਲ ਆ ਗਈ। ਸਤਿਗੁਰੂ ਜੀ ਮਾਣ ਦੇ ਕੇ ਪੰ. ਜੀ ਦੇ ਕੋਲ ਬੈਠਾਇਆ।

ਅੱਜ ਪਿੰਕੀ ਨਹੀਂ ਸੀ ਆਇਆ ਕਿ ਮੇਰੀ ਤਬੀਅਤ ਖਰਾਬ ਹੈ। ਸਤਿਗੁਰੂ ਜੀ ਨੇ ਮੈਨੂੰ ਬਚਨ ਕੀਤਾ: ਅਵਤਾਰ ਸਿੰਘ (ਕੈਂਸਰ ਮਰੀਜ਼) ਤੋਂ ਕੁਝ ਜਿਆਦਾ ਹੀ ਤਬੀਅਤ ਖਰਾਬ ਹੋਵੇਗੀ, ਇਹ ਤਾਂ ਆ ਗਿਆ ਹੈ ਪਰ ਉਹ ਨਹੀਂ ਆਇਆ। ਕੱਲ੍ਹ ਪਵਨ ਕੁਮਾਰ ਅਤੇ ਕੁਝ ਹੋਰ ਲੋਕਾਂ ਨਾਲ ਘਰੋਗੀ ਮਹਿਫਲ ਵੀ ਚਲੀ, ਪਰ ਏਥੇ ਆਉਣ ਤੋਂ ਕੰਨੀ ਕਤਰਾਈ ਜਾ ਰਹੀ ਹੈ। ਅਵਤਾਰ ਨੇ ਸੁਝਾਅ ਦਿੱਤਾ: ਗੱਡੀ ਭੇਜ ਦਿੱਤੀ ਜਾਇ, ਆ ਜਾਏਗਾ। ਸੱਚੇ ਪਾਤਸ਼ਾਹ ਜੀ ਨੇ ਪਹਿਲਾਂ ਮੈਨੂੰ ਆਖਿਆ ਫੇਰ ਪੂਰਬੇ ਨੂੰ ਕਿਹਾ ਕਿ ਉਹ ਗੱਡੀ ਲੈ ਜਾਇ ਤੇ ਪਿੰਕੀ ਨੂੰ ਲੈ ਆਏ ਫੇਰ ਮੇਰੇ ਨਾਲ ਬਚਨ ਕੀਤਾ: ਪਿੰਕੀ ਨੂੰ ਬ੍ਰਿਜ ਨਰਾਇਣ ਨਾਲ ਯੂਰਪ ਜਾਣ ਤੋਂ ਰੋਕਿਆ ਸੀ, ਓਦੋਂ ਤੋਂ ਕਲਾਵਿੰਗੀ ਸੀ, ਹੁਣ ਉਸਨੇ ਪੰ. ਰਾਮ ਨਰਾਇਣ ਜੀ ਨਾਲ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾ ਲਿਆ ਹੈ। ਮੈਂ ਅਰਜ਼ ਕੀਤੀ: ਖੰਭ ਨਿਕਲ ਆਉਣ ਤੇ ਚੂਜ਼ੇ ਮਾਂ ਬਾਪ ਦੀ ਪਰਵਾਹ ਨਹੀਂ ਹੀ ਕਰਦੇ ਹੁੰਦੇ, ਪਿਆਰ ਪੁਚਕਾਰ ਕੇ ਹੀ ਆਖੇ ਲਗਾਏ ਜਾ ਸਕਦੇ ਹਨ ਅਤੇ ਫਿਰ ਸਤਿਗੁਰੂ ਜੀ ਪੰ. ਰਾਮ ਨਾਰਾਇਣ ਜੀ ਨੂੰ ਟੈਲੀਫੋਨ ਨਾਲ ਦੇ ਕਮਰੇ ਵਿਚ ਲੈ ਗਏ। ਗੱਲਬਾਤ ਪਿੰਕੀ ਦੇ ਨਾਲ ਖੜਨ ਨਾ-ਖੜਨ ਬਾਰੇ ਹੀ ਹੋਵੇਗੀ।

ਗਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸਰੋਤੇ ਵੀ ਗਿਣ ਲਈਏ: ਸੰਤ ਪਿਆਰ ਸਿੰਘ ਰਮੇਸ਼ ਨਗਰ, ਲੁਹਾਰੇ ਦੇ ਸੰਤ ਗੁਰਮੁਖ ਸਿੰਘ ਦੇਖ ਰਿਕਾਰਡਰ ਲੈ ਕੇ, ਹਰਮੀਤ ਸਿੰਘ ਮੰਡੀ, ਜੁਝਾਰ ਸਿੰਘ ਬਲਵੰਤ ਸਿੰਘ ਬਾਲੀ ਨਗਰ, ਬੀਬੀ ਜਸਪਾਲ ਸਕੱਤਰ ਪਤਨੀ, ਬੀਬੀ ਨਰਿੰਦਰ ਕੱਲ੍ਹਾ ਪਤਨੀ ਬੀਬੀ ਹਰਦੀਪ ਅਵਤਾਰ ਪਤਨੀ, ਗੁਰਬਚਨ ਕੌਰ ਕਵੀ ਪਤਨੀ, ਸੰਤ ਹਰੀ ਸਿੰਘ ਬੁੱਧੀ ਰਾਜਾ ਅਤੇ ਦੋਵੇਂ ਪੱਪੂ ਵੀ ਆ ਗਏ ਅੰਤ ਉੱਤੇ ਠਾਕੁਰ ਉਦੈ ਸਿੰਘ ਜੀ, ਸ੍ਰੀ ਬਲਦੇਵ ਸਿੰਘ ਸੇਵਕ, ਸ੍ਰੀ ਤੇਜਾ ਸਿੰਘ ਸਕੱਤਰ ਪੁੱਤਰ ਵੀ ਉਪਸਥਿਤ ਹੋ ਗਏ ਅਤੇ 8 ਵਜੇ ਤੱਕ ਸ੍ਰੀ ਸਤਿਗੁਰੂ ਜੀ ਦਾ ਦਿਲਰੁਬਾ ਸੁਰ ਹੋ ਗਿਆ। ਬਲਜੀਤ ਸਿੰਘ ਨੇ ਏਸੇ ਤੇ ਸੁੱਖੀ ਦੇ ਤਬਲੇ ਦੀ ਸੰਗਤ ਨਾਲ ਤਰਬਕਾਰੀ ਸ਼ੁਰੂ ਕਰ ਦਿੱਤੀ। ਤਾਰਾਂ ਦੁਰਗਾ ਰਾਮ ਨੂੰ ਉਜਾਗਰ ਕਰ ਰਹੀਆਂ ਸਨ। 8-7 ਮਿੰਟ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਕਮਜ਼ੋਰ ਅਵਤਾਰ ਨੂੰ ਇਸ਼ਾਰਾ ਕੀਤਾ, ਉਸ ਤਬਲਾ ਫੜ ਲਿਆ ਅਤੇ ਸੱਚੇ ਪਾਤਸ਼ਾਹ ਨੇ ਦਿਲਰੁਬਾ। ਦੁਰਗਾ ਵਿਚ ਹੀ ਸੰਗੀਤ ਆਰਾਧਨਾ ਸੀ। ਕੈਂਸਰ ਪੀੜਤ ਅਵਤਾਰ ਗੁਝੀਆਂ ਕਰਦਾ ਪੀਂਦਾ 11 ਮਾਤ੍ਰਾਂ ਦਾ ਵਜਾਂਦਾ ਰਿਹਾ। ਦਸ ਮਿੰਟ ਵਿਚ ਹੀ ਤਿੰਨ ਤਿਹਾਈਆਂ ਲਾ ਕੇ ਸਤਿਗੁਰੂ ਜੀ ਨੇ ਨਾਮਧਾਰੀ ਕਰ ਦਿੱਤੀ।

ਅਤੇ ਹੁਣ ਗਾਉਣਾ ਆਰੰਭ ਹੋ ਗਿਆ। ਮੋਹਣ ਸਿੰਘ ਨੇ ਵਾਜਾ ਫੜ ਲਿਆ, ਸੁੱਖੀ ਸੁਖਦੇਵ ਸਿੰਘ ਨੇ ਤਬਲਾ ਅਤੇ ਤੰਬੂਰਾ ਬਲਜੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੇ 8:30 ਵਜੇ ਗੁਣੀ ਜਨਾਂ ਤੋਂ ਇਸ਼ਾਰੇ ਨਾਲ ਆਗਿਆ ਲੈ ਕੇ ਵੱਖ-ਵੱਖ ਰਾਗਾਂ ਤਾਲਾਂ ਵਿਚ ਜਵਾਨ ਕਲਾਕਾਰਾਂ ਦੀ ਅਗਵਾਈ ਕਰਦਿਆਂ ਗਾਉਣਾ ਸ਼ੁਰੂ ਕਰ ਦਿੱਤਾ-

1. ਰਾਗ ਦੁਰਗਾ  ਤਾਲ ਝਬ, ਉਸਤਾਦ ਬਬਲ ਖਾਂ ਦੀ ਬੰਦਸ਼:

ਖਵਾਜੇ ਮੁਈਨੋ ਦੀਨ, ਤੁਮ ਹੋ ਪੀਰੋਂ ਕੇ ਪੀਰ।
ਬੱਬਲ ਖਾਂ ਗੁਨੀ ਬਿਨਤੀ ਕਰਤ ਹੈ
ਬੇਗ ਦਰਸ ਦੀਜੋ, ਮੋਹਿ ਪਰੀ ਭ੍ਰੀ।

2. ਰਾਗ ਭੂ ਪਾਲੀ, ਤਾਲ 11 ਮਾਤਰਾਂ

ਹਾਰ ਹਾਰ ਪਰੇ  ਸਬੈ ਨਹੀਂ ਪਾਇਓ ਤਿਹ ਪਾਰ।

ਬਲਜੀਤ ਸਿੰਘ ਨੇ ਦੱਸਿਆ ਕਿ ਇਹ ਬੰਦਸ਼ ਸ੍ਰੀ ਸਤਿਗੁਰੂ ਜੀ ਦੀ ਹੈ। ਸੰਗੀਤ ਕਲਾਕਾਰ ਵਾਹ-ਵਾਹ ਕਰਕੇ ਪ੍ਰਸੰਨ ਹੁੰਦੇ ਰਹੇ।

3. ਇਹ ਰਚਨਾਂ ਵੀ ਸ੍ਰੀ ਸਤਿਗੁਰੂ ਜੀ ਦੀ ਸੀ ਸੁਰ ਤਾਲ ਵਲੋਂ ਰਾਗ ਭੈਰਵੀ ਤਾਲ 11 ਮਾਤਰਾਂ

ਬਿਨਤਿ ਕਰਉ ਅਰਦਾਸ
ਸੁਨਹੁ ਜੇ ਠਾਕੁਰ ਭਾਵੈ....

4. ਰਾਗ ਹਮੀਰ, ਮਾਤਰਾ 11 ਵਿਚ ਗੁੰਦਿਆਂ

ਮਾਨ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।
ਰਾਖਹੁ ਅਪੁਨੀ ਸਰਨ ਪ੍ਰਭੂ ਮੋਹਿ ਕਿਰਪਾ ਧਾਰੇ।

ਇਹ ਦੀ ਸੁਰ ਰਚਨਾ ਵੀ ਸ੍ਰੀ ਸਤਿਗੁਰੂ ਜੀ ਦੁਆਰਾ ਹੋਈ ਸੀ। ਰਾਤ ਦੇ ਪੌਣੇ 9 ਹੋ ਗਏ, ਏਨੇ ਨੂੰ ਸੁਖਵਿੰਦਰ ਸਿੰਘ ਪਿੰਕੀ ਵੀ ਆ ਗਿਆ, ਚੁਸਤ-ਪ੍ਰਸਤ। ਆਉਂਦਿਆਂ ਹੀ ਉਸ ਤਬਲਾ ਫੜ ਲਿਆ ਗੋਡਣੀਆਂ ਮੂਧੀਆਂ ਮਾਰ ਲਈਆਂ ਸ੍ਰੀ ਸਤਿਗੁਰੂ  ਜੀ ਤੋਂ ਆਗਿਆ ਲਈ ਗੁਣੀ ਜਨਾਂ ਵੱਲ ਵੇਖ ਇਸ਼ਾਰੇ ਨਾਲ ਇਜਾਜ਼ਤ ਮੰਗ ਤਬਲਾ ਵਜਾਣਾ ਸ਼ੁਰੂ ਕਰ ਦਿੱਤਾ।

5. ਸ੍ਰੀ ਸਤਿਗੁਰੂ ਜੀ: ਚੋਰੀ-ਚੋਰੀ ਮਾਰਤ ਹੋ ਤੁਮ...

9 ਵਜਣ ਹੀ ਵਾਲੇ ਸਨ ਕਿ ਸੰਤ ਤਰਸੇਮ ਸਿੰਘ ਸਕੱਤਰ ਅਤੇ ਸ੍ਰੀ ਹੰਸਪਾਲ ਜੀ ਅੰਦਰ ਆ ਗਏ। ਨਮਸਕਾਰ ਕਰਦਿਆਂ ਹੀ ਕੰਨ ਜੋੜ ਜੋੜ ਗੱਲਾਂ ਹੋਣ ਲੱਗੀਆਂ, ਪ੍ਰਤੀਤ ਹੁੰਦਾ ਹੈ ਜਿਵੇਂ ਅੱਜ 7 ਵਜੇ ਹੋਈ ਕਾਂਗ੍ਰਸ ਪਾਰਟੀ ਮੈਨ ਕਮੇਟੀ ਦੀ ਪੁਣ-ਛਾਣ ਦੇ ਨਤੀਜੇ ਸਤਿਗੁਰੂ ਜੀ ਨਾਲ ਇੰਦਰਸਟਿਡ ਵਿਅਕਤੀਆਂ ਬਾਰੇ ਸਾਂਝੇ ਕੀਤੇ ਜਾ ਰਹੇ ਹੋਣ। ਇਹ ਰੀਪੋਰਟਿੰਗ ਛੇਤੀ ਹੀ ਖ਼ਤਮ ਹੋ ਗਈ ਕਿਉਂਕਿ ਹੁਣ ਤੱਕ ਲੀਡਰ ਲੋਕਾਂ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਸੰਗੀਤ ਸਭਾ ਸਮੇਂ ਹੋਰ ਗਿੱਲਾ ਪੀਹਣ ਪਾਉਣਾ ਕੋਈ ਸਿਆਣਪ ਨਹੀਂ।

ਇਹਨਾਂ ਤੋਂ ਪਿਛੋਂ ਸੰਤ ਗੁਰਦੀਪ ਸਿੰਘ ਅਤੇ ਸੰਤ ਗੁਰਚਰਨ ਸਿੰਘ ਮਾਲੂਵਾਲ ਵਾਲੇ ਬੁਲਾਏ ਗਏ ਕੁਝ ਆਦੇਸ਼ ਹੋਏ ਤੇ ਸੰਗੀਤ ਦੀ ਤਾਰ ਮੁੜ ਜੁੜ ਗਈ।

ਸਤਿਗੁਰਾਂ ਵਿਦਵਾਨ ਕਲਾਕਾਰਾਂ ਨੂੰ ਦੱਸਿਆ:

ਸਾਖ ਦੇ ਚਾਰ ਪ੍ਰਕਾਰ ਹਨ। ਤਿੰਨ ਤਾਂ ਅਸਾਂ ਪ੍ਰਾਪਤ ਕਰ ਲਏ ਹਨ ਪਰ ਚੌਥਾ ਅਜੇ ਨਹੀਂ ਲੱਭਾ, ਯਤਨ ਜਾਰੀ ਹਨ।

6. ਪਹਿਲੀ ਸਾਖ ਤਲਵੰਡੀ ਘਰਾਣੇ ਤੋਂ ਪ੍ਰਾਪਤ ਹੈ, ਨਾਮ ਹੈ ਦੇਵ ਸਾਖ... ਛਲੋ ਹੀ ਸਖੀ....

7. ਏਸੇ ਵਿਚ ਦੂਜੀ ਰੀਤ: ਕੁਝ ਵਾਂ ਕੀ ਰੀਤ ਦੇਖੀ ਤਾਰ ਚਾਰ

8. ਦੂਜੀ ਸਾਖ ਹੈ ਲੱਛਾ ਸਾਖ, ਭਾਰਤ ਖੰਡੇ ਦੀ ਗਾਈ ਹੋਈ: ਅਜਹੂੰ ਸਮਝ ਹੇ ਮਨਨ ਮੂਰਖ

9. ਤੀਜੀ ਸਾਖ ਨੂੰ ਭਊ ਸਾਖ ਕਿਹਾ ਜਾਂਦਾ ਹੈ ਅਤੇ ਇਹ ਰਚਨਾ ਹੈ ਅੱਬਾ ਖਾਂ ਸਾਹਿਬ ਦੀ:

ਏ ਤੇਰੋ ਰੂਪ ਜੋਬਨ..... ਧਨਾ ਆਪ ਬਨਾਇਓ।

ਚੌਥੀ ਸਾਖ ਦਾ ਨਾਮ ਹੈ ਰਾਮ ਸਾਖ ਪਰ ਇਸਦੀ ਬੰਦਸ਼ ਅਜੇ ਤੱਕ ਪ੍ਰਾਪਤ ਨਹੀਂ ਹੋ ਸਕੀ।

10. ਪਾਗ ਜਟਾ ਵਾਂ ਕੇ ਭਸਨ ਬਸਤ੍ਰ ਲੀਏ ਭੋਜਨ ਭਾਂਗ

11. 9:15, ਸੰਧੂਰੀ ਟੋਡੀ, ਪਿਦੂਮ ਬਲਨ ਬਲਤਾ

12. ਰਾਗ ਖਟ, ਤਾਲ ਸੂਲਪਾਖਤਾ: ਹਰਿ ਕੀ ਗਤਿ ਨਹੀਂ ਕੋ ਊ ਜਾਨੈ...

13. ਫੋਲਨ ਦੇ ਦਰਸ਼ਨ ਦੇਖਨ

14. ਗਉੜੀ ਰਾਗ ਦੀ ਇਕ ਕਿਸਮ: ਮੇਗ ਟਾਂਡਾ ਲਾਦਿਓ ਜਾਇ

15. ਨੇੜ ਪ੍ਰਗਾਸ ਕੀਓ ਗੁਰਦੇਵ (ਗਉੜੀ ਪੂਰਬੀ)

16. ਪ੍ਰਾਨੀ ਕਉ ਹਰਿ ਜਸ ਮਨ ਨਹੀ ਆਵੇ

17. ਮਥਰਾ ਮੰਡਲ ਕੇ ਬਿਖੇ ਜਨਮ ਧਰਿਓ ਹਰਿ ਆਇ (ਪੌਣੇ 11 ਮਾਤਰਾਂ)

18. ਇਕ ਫਰਮਾਇਸ਼ ਹਰਭਜਨ ਸਿੰਘ ਨੇ ਕਰ ਦਿੱਤੀ: ਰਾਗ ਕੇਦਾਰ: ਟੀਕੋ ਧਰ ਕਰ ਲਿਲਾਟ

19. ਤੁਰੇ ਤੁਰੇ ਜਾਂਦਿਆਂ ਅੰਤ 'ਮਾਂਡ' ਅਰਥਾਤ ਆਸਾ ਵਿਚ ਕਰ ਦਿੱਤਾ: ਚੜ੍ਹ ਕੈ ਘੋੜੇ ਖੂੰਡੀ ਪਕੜੈ...

ਇਹ ਰਚਨਾ ਵੀ ਸ੍ਰੀ ਸਤਿਗੁਰੂ ਜੀ ਦੀ ਸੀ।

ਪਹਿਲਾਂ ਸਦਾ ਹੀ ਅਜਿਹੇ ਸਮੇਂ ਸ੍ਰੀ ਸਤਿਗੁਰੂ ਜੀ ਤੇਜ਼ ਗਤੀ ਨਾਲ ਬੰਦਸ਼ਾਂ ਪੇਸ਼ ਕੀਤਾ ਕਰਦੇ ਹਨ ਪਰ ਅੱਜ ਇਹ ਕਾਰਜ ਸੋਚ-ਸੋਚ ਕੇ ਹੀ ਹੋ ਰਿਹਾ ਸੀ। ਸਾਰੀਆਂ ਚੀਜਾਂ ਇਕਹਰਿਆਂ ਗਾ ਕੇ ਦੇਵੋਂ ਹੱਥ ਬਾਹਰ ਦੋਹੀਂ ਤਰਫ਼ੀਂ ਫੈਲਾਨੇ 'ਬੱਸ' ਦਾ ਇਸ਼ਾਰਾ ਕਰਦੇ ਪਰ ਇਹ ਬੰਦਸ਼ ਦੀ ਬੱਸ ਸੀ, ਸਮੇਂ ਦੀ ਨਹੀਂ ਤਾਂ ਹੀ ਏਸ ਸਮੇਂ ਪੌਣੇ 10 ਹੋ ਗਏ।

ਸਮਾਪਤੀ ਤੇ ਸ੍ਰੀ ਸਤਿਗੁਰੂ ਜੀ ਦੀ ਪ੍ਰਸੰਸਾ ਹਿੱਤ ਉਠ ਕੇ ਖਲੋ ਗਏ, ਸ੍ਰੀ ਸਤਿਗੁਰੂ ਜੀ ਨੇ ਵੀ ਨਮਰਤਾਵਾਦੀ ਸ਼ਬਦਾਂ ਨਾਲ ਸਿਫਤ ਸਲਾਹ ਕਬੂਲ ਕੀਤੀ ਤੇ ਧੰਨਵਾਦ ਕੀਤਾ ਆਉਣ ਦਾ।

ਮੈਂ ਤੇ ਮੇਰੀ ਪਤਨੀ ਨੇ ਤਾਂ ਜਲਦੀ ਹੀ ਚੱਲਣ ਦੀ ਕੀਤੀ ਅਸਾਂ ਬੱਸ ਫੜਣੀ ਸੀ।

## 24 ਮਈ 1987, ਐਤਵਾਰ
## ਨਵੀਂ ਦਿੱਲੀ

ਸੰਤ ਤਰਸੇਮ ਸਿੰਘ ਦੇ ਦੱਸਣ ਅਨੁਸਾਰ ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜੀ ਨੇ ਰਮੇਸ਼ ਨਗਰ ਧਰਮ ਸਾਲਾ ਵਿਖੇ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਕਿਰਤਾਰਥ ਕੀਤਾ ਤਦ ਉਪਰੰਤ ਡੇਢ ਘੰਟਾ ਸਾਹਿਬਪੁਰਾ ਸੰਤ ਪੁਰਾ ਆਦਿ ਕਾਲੋਨੀਆਂ ਵਿਖੇ ਸਿੱਖਾਂ-ਸੇਵਕਾਂ ਦੇ ਘਰੀਂ ਚਰਨ ਪਾਉਣ ਦੀ ਕਿਰਪਾ ਕੀਤੀ।

8 ਵਜੇ ਸਵੇਰੇ ਜਦੋਂ ਮੈਂ ਕੋਠੀ ਪੂਸਾ ਰੋਡ ਪਹੁੰਚਾ ਸੱਚੇ ਪਾਤਸ਼ਾਹ ਜੀ ਅਜੇ ਆਏ ਹੀ ਸਨ। ਕੁਝ ਸਮਾਂ ਇਕਾਂਤ ਲਈ ਅੰਦਰ ਪਧਾਰੇ ਤਾਂ ਮੈਨੂੰ ਪਿਛਲੇ ਦਿਨੀਂ ਮਿਲਿਆ ਰੁੱਦਰਪੁਰ ਯੂ.ਪੀ. ਦਾ ਸ. ਸੁਰਜੀਤ ਸਿੰਘ ਨਜ਼ਰ ਪਿਆ। ਇਹ ਸਫੈਦ ਟੇਢੀ ਪੱਗਵਾਲਾ, ਸਾਂਵਲਾ ਸਲੋਨਾ, ਛੀਟਕਾ, ਖੂਬਸੂਰਤ ਜਵਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਆਇਆ ਸੀ ਕਿ ਉਸਦੇ ਪਿਤਾ ਸ. ਗੁਰਮੁਲ ਸਿੰਘ ਨੂੰ ਸਰ ਗੰਗਾ ਰਾਮ ਹਸਪਤਾਲ ਵਿਖੇ ਦਰਸ਼ਨ ਦੇ ਕੇ ਨਿਵਾਜਿਆ ਜਾਏ। ਇਸ ਦੇ ਪਿਤਾ ਦੀ ਗੋਡੇ ਦੀ ਚੱਪਣੀ ਥਾਓਂ ਖਿਸਕ ਜਾਣ ਕਰਕੇ ਬੜੀ ਤਕਲੀਫ਼ ਹੈ। ਗੁਰਮੇਲ ਸਿੰਘ ਨੇ ਦੱਸਿਆ: ਪਿਛਲੀ ਵਾਰ ਸੱਚੇ ਪਾਤਸ਼ਾਹ ਆਏ ਸਨ ਤਾਂ ਪਿਤਾ ਜੀ ਨੂੰ ਗੰਗਾ ਰਾਮ ਹਸਪਤਾਲ ਜਾ ਕੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਗਈ ਸੀ ਹੁਣ ਵੀ ਦਰਸ਼ਨ ਦੇਣ ਦੀ ਅਰਜ਼ ਕੀਤੀ ਗਈ ਹੈ।

ਅੱਜ ਮੇਰਾ ਤਰਸੇਮ ਸਿੰਘ ਨਾਲ ਮੇਲ ਹੋਇਆ ਤਾਂ ਜਿਵੇਂ ਉਹ ਬੋਲਿਆ ਉਸ ਤੋਂ ਕਾਫ਼ੀ ਨਿਰਉਤਸਾਹਤ ਲੱਗਾ ਕਹਿਣ ਲੱਗਾ: ਅਸਲ ਵਿਚ ਸੱਚੇ ਪਾਤਸ਼ਾਹ ਜੀ ਨੂੰ ਸਕੱਤਰ ਦੀ ਲੋੜ ਨਹੀਂ। ਹੁਣ ਕੰਮ ਕਿਹੜਾ ਹੈ? ਇਕੋ ਕੰਮ ਰਹਿ ਗਿਆ ਹੈ ਸੰਗੀਤ ਦਾ। ਕਲ ਰਾਮ ਨਾਰਾਇਣ ਨੂੰ ਫੋਨ ਕਰਕੇ (ਬੰਬਈ ਤੋਂ?) ਦਿੱਲੀ ਬੁਲਾਇਆ ਗਿਆ ਸੀ। ਅੱਜ ਓਸੇ ਕਾਰਨ ਭੈਣੀ ਸਾਹਿਬ ਤੋਂ ਦਿੱਲੀ ਆ ਗਏ। ਹਵਾਈ ਜਹਾਜ਼ ਵੀ ਨਹੀਂ ਉਡੀਕਿਆ। ਕਾਰਾਂ ਨਾਲ ਹੀ ਸਫਰ ਕਰ ਲਿਆ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

**ਅੰਤਿਕਾ-1**

**ਸੰਤ ਗੁਰਮੁਖ ਸਿੰਘ ਝੱਬਰ, ਕਰੀਵਾਲਾ**

ਮੈਂ 24 ਸਤੰਬਰ, 1979 ਨੂੰ, ਸ. ਅਵਤਾਰ ਸਿੰਘ ਝੱਬਰ ਦੇ (18-9-79) ਗੁਜ਼ਰ ਜਾਣ 'ਤੇ ਕਰੀਵਾਲੇ ਪਹੁੰਚ ਕੀਤੀ। ਏਸੇ ਦਿਨ ਹੀ ਦਮਦਮੇ (ਸਰਸਾ) ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਸਾਲਾਨਾ ਨਿਤਨੇਮ ਆਰੰਭ ਕੀਤਾ ਸੀ। ਅਵਤਾਰ ਸਿੰਘ ਜੀ ਦੇ ਵੱਡੇ ਭਾਈ ਸ. ਰਜਵੰਤ ਸਿੰਘ ਝੱਬਰ ਨੂੰ ਕੋਲ ਬੁਲਾ ਕੇ ਕਰੀਵਾਲੇ ਦੇ ਹੀ ਇਕ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਵਿਅਕਤੀ ਸੰਤ ਗੁਰਮੁਖ ਸਿੰਘ ਝੱਬਰ ਨੂੰ ਮਿਲਿਆ। ਇਕ ਘੰਟਾ ਉਸ ਨਾਲ ਬੈਠ ਕੇ, ਇਸ ਮੌਕੇ ਸੰਤ ਸੁੰਦਰ ਸਿੰਘ ਪਾਜੀ ਵਾਲਿਆਂ ਦੇ ਲੜਕੇ ਸੰਤ ਤਾਰਾ ਸਿੰਘ ਤੇ ਦੋ ਹੋਰ ਸਰੀਰ ਮੌਜੂਦ ਸਨ, ਉਹਨਾਂ ਦੇ ਜੀਵਨ ਬਾਰੇ ਕੁਝ ਵਾਕਫ਼ੀ ਲਈ।

ਇਕ ਸਮੇਂ ਗੁਰਮੁਖ ਸਿੰਘ ਝੱਬਰ ਦੇ ਸ੍ਰੀ ਭੈਣੀ ਸਾਹਿਬ ਵਿਚ ਵੱਧਰ ਘੂਕਦੇ ਸਨ, ਸਾਰੇ ਪਿੰਡ ਤੇ ਉਸਦੀ ਤੀਖਣ ਬੁੱਧੀ, ਹਮਲਾ ਕਰਨ ਦੀ ਸਮਰੱਥਾ ਦੀ ਧਾਂਕ ਸੀ। ਨਾਮਧਾਰੀ ਜੋ ਇਸ ਨਗਰ ਵਿਚ ਰਹਿੰਦੇ ਸਨ, ਉਹ ਵੀ ਇਹਦੇ ਹੁਕਮ ਬਿਨਾ ਪੱਤਾ ਨਹੀਂ ਸੀ ਤੋੜ ਸਕਦੇ। ਦੇਸ਼ ਭਗਤਾਂ ਦਾ ਕਦਰਦਾਨ ਸੀ ਤੇ ਇਲਾਕੇ ਦੇ ਧੜਵੈਲ ਆਦਮੀਆਂ ਦਾ ਵੀ ਯਾਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਦੀ ਸੁਰੱਖਿਆ ਲਈ ਇਸਨੂੰ ਫੁੱਲ ਅਥਾਰਿਟੀ ਦੇ ਛੱਡੀ ਸੀ। ਮੇਰੀ ਭੈਣੀ ਸਾਹਿਬ ਦੀ ਪੜ੍ਹਾਈ ਸਮੇਂ ਦਾ ਇਹ ਵੀ ਇੱਕ ਮੁਖੀ ਸੀ। ਇਸ ਸੱਜਣ ਕੋਲ ਨਾਮਧਾਰੀਆਂ ਨਾਲ ਸਬੰਧਿਤ ਬਹੁਤ ਸਾਰਾ ਇਤਿਹਾਸ ਹੈ, ਮੈਂ ਇਸ ਨੂੰ ਮਿਲਣ ਦਾ ਅੱਜ ਏਸੇ ਲਈ ਪ੍ਰੋਗਰਾਮ ਬਣਾਇਆ ਹੋਇਆ ਸੀ।

ਸੰਤ ਗੁਰਮੁਖ ਸਿੰਘ ਅੱਸੀਓਂ ਉੱਪਰ ਦੀ ਉਮਰ ਦਾ ਘਰ ਵਿਚ ਬੂਹੇ ਨਾਲ ਦੀ ਬੈਠਕ ਵਿੱਚ ਇਕ ਮੰਜੇ ਉਪਰ ਬੈਠਾ ਸੀ, ਦੋ ਕੁ ਸਰੀਰ ਹੋਰ ਵੀ ਉਸਦੇ ਨਾਲ ਸਨ। ਸਾਫ਼ੇ ਦੀ ਦਸਤਾਰ ਬੰਨ੍ਹੀ, ਕੁਰਤੇ ਕਛਹਿਰੇ ਨਾਲ ਹੀ। ਉਸਨੇ ਆਪਣੀ ਗੱਲ ਸ਼ੁਰੂ ਕੀਤੀ। ਮੇਰੇ ਪਹਿਲੇ ਕੀਤੇ ਗਏ ਸਵਾਲਾਂ ਦੇ ਉਤਰ ਵਿਚ ਹੀ ਉਸਦੀ ਰਾਮ ਕਹਾਣੀ ਸ਼ੁਰੂ ਹੋਈ:

**ਪਿਛੋਕੜ**

ਜੀ ਤਾਂ ਮੇਰਾ ਵੀ ਕਰਦਾ ਸੀ ਕਿ ਮੈਂ ਕਿਤੇ ਤੇਰੇ ਕੋਲ ਜਾਵਾਂ ਤੇ ਦੋ ਦਿਨ ਰਹਾਂ, ਪਹਿਲਾਂ ਤੈਨੂੰ ਦੱਸ ਕੇ ਕੁਛ ਲਿਖਾਵਾਂ, ਫਿਰ ਤੂੰ ਜੋ ਮੋਟੇ ਮੋਟੇ ਅੱਖਰਾਂ ਵਿਚ ਲਿਖੇ, ਉਹ ਪੜ੍ਹ ਕੇ ਫੇਰ ਤੈਨੂੰ ਟੇਪ ਕਰਵਾਵਾਂ।

ਮੇਰਾ ਦਾਦਾ ਅੱਧ-ਬੁੱਢ ਹੋ ਕੇ ਗੁਰੂ ਰਾਮ ਸਿੰਘ ਦੇ ਵੇਲੇ ਕੂਕਾ ਹੋਇਆ ਸੀ। ਉਸਦਾ ਨਾਂ ਸੀ ਸੌਣ ਸਿੰਘ ਉਰਫ਼ ਸਾਉਣ ਸਿੰਘ। ਅਗੋਂ ਉਸਦੇ ਪੁੱਤਰ ਸਨ ਜਿਊਣ ਸਿੰਘ ਤੇ ਵਧਾਵਾ ਸਿੰਘ। ਪਿੰਡ ਸੀ ਸਾਡਾ ਝੱਬਰ, ਜ਼ਿਲ੍ਹਾ ਸ਼ੇਖੂਪੁਰ, ਨ ਸੱਚ ਗੁਜਰਾਂ ਵਾਲਾ। ਮੇਰਾ ਬਾਪ (ਸੰਤ ਜਿਉਣ ਸਿੰਘ) ਓਦੋਂ ਤੇਰਾਂ ਸਾਲਾਂ ਦਾ ਸੀ ਜਦੋਂ ਕੂਕਿਆਂ ਨਾਲ ਰਲ ਗਿਆ।ਘਰੋਂ ਨਿਕਲ ਗਿਆ। ਮੇਰੇ ਪਿਤਾ ਜੀ ਆਪਣੇ ਪਿਤਾ ਦੇ ਛੋਟੇ ਪੁੱਤਰ ਸਨ, ਤਾਇਆ ਵਧਾਵਾ ਸਿੰਘ ਵੱਡਾ ਸੀ। ਇਹ ਗੁਰੂ ਹਰੀ ਸਿੰਘ ਜੀ ਦਾ ਵੇਲਾ ਸੀ। ਮੇਰਾ ਬਾਪ ਤਾਂ ਸਾਧਾਂ ਦੇ ਜਥਿਆਂ ਵਿਚ ਸ਼ਾਮਲ ਹੋ ਗਿਆ। ਢੋਲਕ ਵਜਾਣੀ ਸ਼ਬਦ ਪੜ੍ਹਨੇ। ਤੀਹ ਕੁ ਵਰ੍ਹਿਆਂ ਦੀ ਉਮਰ ਵਿਚ ਉਹਦੇ ਵਿਆਹ ਸੰਬੰਧ ਸੇਖਮ ਘੁਮਾਣ ਜ਼ਿਲ੍ਹਾ ਗੁਜਰਾਂ ਵਾਲਾ ਵਿਚ ਬਣ ਗਏ। ਬਾਪ ਦੇ ਸਹੁਰੇ ਦਾ ਨਾਂ ਯਾਦ ਨਹੀਂ। ਇਕ ਸਾਲਾ ਜਿਉਣ ਸਿੰਘ ਸੀ।

ਵਿਆਹ ਕਰਵਾ ਕੇ ਬਾਪ ਸਾਡਾ ਭੈਣੀ ਸਾਹਿਬ ਆ ਗਿਆ। ਭੈਣੀ ਸਾਹਿਬ ਹੀ ਰਹਿੰਦਾ ਰਿਹਾ। ਬਿਕਰਮੀ ਦੇ ਸਤਵੰਜਵੇਂ (1900 ਈ:) ਵਿਚ ਕਿਸੇ ਗੱਲੋਂ ਗੁੱਸੇ ਹੋਕੇ ਅੰਮ੍ਰਿਤਸਰ ਤੁਰ ਗਿਆ। ਮੈਂ ਪੈਦਾ ਹੋਣਾ ਸੀ। ਬੁੱਢੇ ਥੇਹ (ਅੰਮ੍ਰਿਤਸਰ) ਦਾ ਇਕ ਬਾਬਾ ਸੀ ਗੁਰਮੁਖ ਸਿੰਘ। ਉਸ ਨੇ ਮੇਰੇ ਬਾਪ ਨੂੰ ਆਖਿਆ: "ਹੁਣ ਤੱਕ ਤੂੰ ਰਿਹਾ ਏਂ ਬਿਹੰਗਮ, ਪਰ ਹੁਣ ਤੂੰ ਗ੍ਰਿਸਤੀ ਹੋ ਗਿਆ ਏਂ। ਏਸ ਤਰ੍ਹਾਂ ਚਲਨਾ ਫਿਰਨਾ ਠੀਕ ਨਹੀਂ, ਡੇਰਾ ਵੀ ਤੂੰ ਛੱਡ ਆਇਆ ਏਂ। ਮੇਰੀ ਮਰਜ਼ੀ ਏ ਹੁਣ ਤੂੰ ਮੇਰੇ ਕੋਲ ਚੱਲ।" ਇਸਦਾ ਅਸਲ ਪਿੰਡ ਉਮਰਪੁਰਾ ਸੀ, ਭੋਮੇ ਵਡਾਲੇ ਦੇ ਕੋਲ, ਬੁੱਢਾ ਥੇਹ ਵੀ ਲਾਗੇ ਈ ਹੈ। ਉਹ ਸਾਨੂੰ ਲੈ ਗਿਆ। ਓਥੇ ਮੈਂ ਪੈਦਾ ਹੋਇਆ। ਦੋ ਸਾਲ ਮੈਂ ਉਥੇ ਰਿਹਾ। ਫੇਰ ਮਹੰਤ ਖ਼ੁਸ਼ਹਾਲ ਸਿੰਘ ਖਤਰਾਈਆ ਜਾ ਕੇ ਸਾਨੂੰ ਲੈ ਆਇਆ ਕਿ ਤੁਸੀਂ ਸਾਡੇ ਕੋਲ ਰਹੋ।

**ਭੈਣੀ ਸਾਹਿਬ:**

ਏਥੋਂ (ਖਤਰਾਵਾਂ ਤੋਂ) ਗੁਰੂ ਹਰੀ ਸਿੰਘ ਜੀ ਨੂੰ ਪਤਾ ਲਗਾ। ਉਹ ਸਾਨੂੰ ਭੈਣੀ ਸਾਹਿਬ ਲੈ ਗਏ। ਉਹਨਾਂ ਮੇਰੇ ਬਾਪ ਨੂੰ ਆਖਿਆ: ਤੂੰ ਚੰਗਾ ਏਂ, ਜਿਉਂ ਗਿਆ ਏਂ, ਮੁੜ ਕੇ ਆਇਆ ਈ ਨਹੀਂ। ਫੇਰ ਮੈਂ ਭੈਣੀ ਸਾਹਿਬ ਹੀ ਰਿਹਾ। ਮੈਂ ਓਦੋਂ ਛਿਆਂ ਸਾਲਾਂ ਦਾ ਸਾਂ ਜਦੋਂ ਗੁਰੂ ਹਰੀ ਸਿੰਘ ਜੀ ਚੜ੍ਹਾਈ ਕੀਤੇ। ਮੈਨੂੰ ਓਦੋਂ ਦੀ ਚੰਗੀ ਸੰਭਾਲ ਏ। ਇਕ ਦਿਨ ਦੀਵਾਨ ਲੱਗਾ ਹੋਇਆ ਸੀ। ਮੈਂ ਦੀਵਾਨ ਵਿੱਚ ਗਿਆ। ਮੈਂ ਮੱਥਾ ਟੇਕਿਆ। ਬਾਬਾ ਬੂਟਾ ਸਿੰਘ ਲਾਖਣੇ ਵਾਲੇ ਨੂੰ ਹੁਕਮ ਹੋਇਆ: ਇਹਨੂੰ ਪਤਾਸੇ ਦਿਓ। ਮੈਂ ਅੱਗੇ ਹੱਥ ਕੀਤੇ। ਮੇਰੇ ਤੇੜ ਕੱਛਾ ਨਹੀਂ ਸੀ। ਮਹਾਰਾਜ ਜੀ ਆਂਹਦੇ ਨੇ: ਝੱਗਾ ਕਰ ਆਪਣੀ ਝੋਲੀ ਵਿਚ ਪੁਆ। ਮੈਂ ਡਰਦਾ ਝੋਲੀ ਨਾ ਕਰਾਂ। ਇਕ ਸਿੱਖ ਸੀ ਉਸਨੇ ਮੇਰਾ ਝੱਗਾ ਅੱਗੋਂ ਫੜ ਕੇ ਝੋਲੀ ਬਣਾਈ। ਮੈਂ ਨੰਗਾ ਹੋ ਗਿਆ। ਮਹਾਰਾਜ ਕਹਿਣ ਲੱਗੇ: "ਹੈਂਹ, ਕੱਛ ਵੀ ਨਹੀਂ ਤੇੜ।" ਮੈਂ ਪਤਾਸੇ ਝੋਲੀ ਵਿਚ ਪੁਆ ਭੱਜ ਗਿਆ।

ਓਦੋਂ ਗੁਰਦੇਈ ਮੁਖਤਿਆਰ ਸੀ। ਉਹ ਸਤਿਗੁਰਾਂ ਦੇ ਪਿਛਲੇ ਪਾਸੇ ਬੈਠੀ ਹੋਈ ਸੀ। ਸਤਿਗੁਰਾਂ ਅਵਾਜ਼ ਮਾਰੀ: "ਗੁਰਦੇਈਏ! ਬਿਹੰਗਮਾਂ ਦੇ ਪੁੱਤ ਕੱਛਾਂ ਤੋਂ ਏਵੇਂ, ਲੀੜੇ ਪਾਟੇ ਹੋਏ, ਤੂੰ ਕਿਸ ਮਰਜ਼ ਦੀ ਦਵਾ ਏਂ।" ਜ਼ਮੀਨ ਵੇਚ ਕੇ ਸਾਡੇ ਪਿਓ ਨੇ ਗੁਰਦੁਆਰੇ ਪਾ ਦਿਤੀ ਸੀ।

ਅਗਲੇ ਦਿਨ ਮੈਂ ਨਵੇਂ ਲੀੜੇ ਪਾ ਕੇ ਫਿਰ ਮੱਥਾ ਟੇਕਿਆ। ਆਖਣ ਲੱਗੇ: "ਠੀਕ ਏ। ਵੇਹਖਾਂ ਹੁਣ ਕਿੱਡਾ ਸੋਹਣਾ ਲਗਦਾ ਏਂ।" ਫਿਰ ਪਤਾਸੇ ਦਿੱਤੇ ਸਤਿਗੁਰਾਂ।

ਫਿਰ ਭੈਣੀ ਸਾਹਿਬ ਹੀ ਰਹੇ ਹਾਂ, ਕਦੇ ਊਠਾਂ ਵਿਚ, ਕਦੇ ਘੋੜਿਆਂ ਵਿਚ (ਲੇਖਕ ਨੇ ਤਰਤੀਬ ਪੁੱਛੀ ਤਾਂ ਗੁਰਮੁਖ ਸਿੰਘ ਬੋਲੇ) ਪਹਿਲਾਂ ਖੇਡੇ ਮਹਾਰਾਜ ਗੁਰਦਿਆਲ ਸਿੰਘ ਨਾਲ, ਫਿਰ ਚਾਰੇ ਕੱਟੇ ਵੱਛੇ, ਜ਼ਰਾ ਕੁ ਤਕੜਾ ਹੋਇਆ ਤਾਂ ਬਾਬਾ ਵੀਰ ਸਿੰਘ ਭੋਮੇ ਵਡਾਲੇ ਦਾ, ਬਾਬਾ ਸੰਤਾ ਸਿੰਘ ਘੁੱਕੇਵਾਲੀ ਵਾਲਿਆਂ ਪਾਸ ਊਠਾਂ ਵਿਚ ਆ ਗਿਆ। ਊਠਾਂ ਵਿਚ ਕਾਫ਼ੀ ਚਿਰ ਰਿਹਾ। ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੇੜ ਕਰ ਲਿਆ। ਇਹਨਾਂ ਫਿਰ ਘੋੜਿਆਂ ਵਿਚ ਲਾ ਲਿਆ। ਉਂਜ ਛੋਟੀ ਅਵਸਥਾ ਵਿਚ ਹੀ 13-14 ਸਾਲ ਦੀ ਉਮਰ ਵਿਚ ਕਦੇ-ਕਦੇ ਮੇਰੇ ਕੋਲੋਂ ਪ੍ਰਸ਼ਾਦੇ ਪਕਵਾ ਲੈਂਦੇ ਸਨ। ਘੋੜਿਆਂ ਵਿਚ ਲਾ ਕੇ ਪਹਿਲਾਂ ਮੈਨੂੰ ਕੁੱਤੇ ਸੰਭਾਲੇ ਨੇ। ਓਦੋਂ ਅਗਲੇ ਸਾਲ ਖੱਚਰ ਸੰਭਵਾਈ। ਓਦੂੰ ਅਗਲੇ ਸਾਲ ਕੁੱਲੀਆਂ ਘੋੜੀਆਂ ਦੀ ਸੰਭਾਲ ਤੇ ਲਾ ਦਿਤਾ। ਜਦੋਂ ਮੈਂ ਚੰਗਾ ਭੱਜਣ ਨਠਣ ਨੂੰ ਬਰਕਰਾਰ ਹੋ ਗਿਆ ਤਾਂ ਉਹਨਾਂ ਆਪਣੀ ਸਵਾਰੀ ਵਾਲੀ ਘੋੜੀ ਸੰਭਾਲ ਦਿਤੀ।

**ਪਿਆਰ ਹੋ ਗਿਆ:**

ਫਿਰ, ਜਦੋਂ ਨਹਿਰ ਤੇ ਡੇਰਾ ਚਲਾ ਜਾਂਦਾ ਸੀ, ਓਦੋਂ ਮੈਂ ਘੋੜੀਆਂ ਚਾਰਦਾ ਹੁੰਦਾ ਸਾਂ। ਜਦੋਂ ਉਹਨਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੀ ਦਲੀਲ ਹੋਵੇ, ਉਦੋਂ ਕਹਿ ਦਿੰਦੇ: ਜਾਹ ਗੁਰਮੁਖਾ, ਦੁੱਧ ਕਾੜ੍ਹ ਲਿਆ।" ਫਿਰ ਉਹਨਾਂ ਨਾਲ ਬਹਿਣ ਉਠਣ ਲੱਗ ਪਏ। ਪਿਆਰ ਹੋ ਗਿਆ। ਏਸੇ ਦੌਰਾਨ ਮੈਂ ਉਗਰਾਹੀ ਕਰਦਾ ਰਿਹਾ ਹਾਂ। ਜਿਸ ਨਾਲ ਮੈਨੂੰ ਉਗਰਾਹੀ ਤੇ ਲਾਇਆ ਓਦੋਂ ਸਤਿਗੁਰੂ ਜੀ ਉਗਰਾਹਿਆਂ ਨਾਲ ਨਾਰਾਜ਼ ਹੋ ਗਏ ਸਨ। ਮੈਨੂੰ ਉਹਨਾਂ ਆਖਿਆ: ਤੈਨੂੰ ਮੈਂ ਕਾਕਾ ਉਗਰਾਹੀ ਘੱਲਣੈਂ। ਤੂੰ ਊਠ, ਘੋੜੇ, ਖੱਚਰਾਂ, ਜੋ ਕੁਝ ਤੈਨੂੰ ਚਾਹੀਦੈ ਲੈ ਲੈ, ਮੈਂ ਤੈਨੂੰ ਮਹੰਤ ਬਣਾਉਣੈ। ਮੈਂ ਅਰਜ਼ ਕੀਤੀ: ਜੀ ਮਹੰਤ ਬਣਾਓ ਤੁਸੀਂ ਕੇਸਰ ਸਿੰਘ ਨੂੰ, ਉਹਨੂੰ ਮੈਂ ਨਾਲ ਲੈ ਜਾਵਾਂਗਾ। ਅਸੀਂ ਉਸ ਸਾਲ ਉਗਰਾਹੀ ਕੀਤੀ ਏ, ਗੁਰਦਾਸ ਪੁਰ ਦੀ, ਅੰਮ੍ਰਿਤਸਰ ਦੀ, ਸਿਆਲ ਕੋਟ, ਗੁਜਰਾਂ ਵਾਲਾ, ਸ਼ੇਖੂਪੁਰੇ ਤੇ ਲਾਇਲਪੁਰ ਦੀ।

ਸਾਰੀ ਉਗਰਾਹੀ ਕੀਤੀ। ਤਿੰਨ ਸਾਲ ਉਗਰਾਹੀ ਕੀਤੀ ਏ। ਜਿਨ੍ਹਾਂ ਉਗਰਾਹੀਆਂ ਨਾਲ ਨਾਰਾਜ਼ਗੀ ਸੀ ਦਲੀਪ ਸਿੰਘ

ਠੇਠਰ, ਸੁੰਦਰ ਸਿੰਘ ਬਿਸਕੁਟ, ਅਰਜਨ ਸਿੰਘ ਨਾਂਗਾ, ਲਾਭ ਸਿੰਘ ਘੋੜਿਆਂ ਵਾਲਾ, ਸੰਤਾ ਸਿੰਘ ਘੁੱਕੇਵਾਲੀਆ, ਨਰਾਇਣ ਸਿੰਘ ਖੇਡਾ। ਇਸ ਤਰ੍ਹਾਂ ਮੇਰੇ ਕੰਮ ਬਦਲਦੇ ਰਹੇ।

**ਜ਼ਿੰਮੇਵਾਰੀ:**

ਜਦੋਂ ਅਕਾਲੀਆਂ ਨੇ (ਨਾਮਧਾਰੀ) ਸਿੰਘਾਂ ਨੂੰ ਤਰਨਤਾਰਨ ਮਾਰਿਆ, ਓਦੋਂ ਸਤਿਗੁਰਾਂ ਨੇ ਮੈਨੂੰ ਅੰਮ੍ਰਿਤਸਰ ਸੁਨੇਹਾ ਭੇਜਿਆ ਕਿ ਛੇਤੀ ਤੋਂ ਛੇਤੀ ਭੈਣੀ ਸਾਹਿਬ ਆ ਜਾਵਾਂ। ਭੈਣੀ ਸਾਹਿਬ ਗਿਆ ਤਾਂ ਸਤਿਗੁਰਾਂ ਨੇ ਮਸਤਾਨ ਸਿੰਘ ਕਿਆਮਪੁਰੀਏ ਨੂੰ ਆਗੂ ਬਣਾ ਕੇ ਬੇਬੇ (ਭੁਪਿੰਦਰ ਕੌਰ) ਜੀ ਨੂੰ, ਕੂੰਡਾ ਹਰਨਾਮ ਸਿੰਘ ਨੂੰ, ਦਰਜੀ ਭਗਵਾਨ ਸਿੰਘ ਨੂੰ; ਖੇਮੀ ਤੇ ਗੁਰਦਿਤੀ ਨੂੰ ਖੇਮੀ ਮਸਤਾਨ ਸਿੰਘ ਦੀ ਮਾਂ ਸੀ ਤੇ ਗੁਰਦਿੱਤੀ ਸਿੰਘਣੀ – ਧਾਰਾ ਸਿੰਘ ਦੋਧੀ ਲਾਂਗਰੀ ਸੀ ਸਭ ਨੂੰ ਪਹਾੜਾਂ ਨੂੰ ਤੋਰਿਆ। ਜਾਣ ਤੋਂ ਪਹਿਲਾਂ ਸਤਿਗੁਰਾਂ ਨੇ ਸਭ ਨੂੰ ਬੈਠਾ ਕੇ ਆਖਿਆ: "ਆਹ ਮੇਰੇ ਹੱਥ ਜੋੜੇ ਵੇਖਣੇ ਤੁਹਾਨੂੰ ਘੱਲਣ ਲੱਗਾਂ, ਕਿਸੇ ਵਿਪਤਾ ਵਿਚ ਨਹੀਂ ਪੈਣਾ। ਖ਼ਿਆਲ ਨਾਲ ਰਹਿਣਾ।"

ਮਗਰੋਂ ਆ ਗਏ ਮੈਂ ਅਤੇ ਵਰਿਆਮ ਸਿੰਘ ਦਾੜ੍ਹੀ। ਸਾਰਿਆਂ ਦੀ ਆਪੋ ਆਪਣੀ ਸ਼ਰਧਾ ਹੁੰਦੀ ਏ। ਮੇਰੀ ਇਹ ਗੱਲ ਸੀ ਕਿ ਮੈਨੂੰ ਉਂਜ ਨਾ ਆਖਣ, ਹੁਕਮ ਦੇਣ ਕਿ ਅਹਿ ਕਰਨਾ ਜਾਂ ਅਹੁ ਕਰਨਾ ਏਂ। ਮੈਂ ਭਾਈ (ਵਜੀਰ ਸਿੰਘ) ਨੂੰ ਆਖਿਆ: ਜੇ ਉਹਨਾਂ ਸਾਡੇ ਮੂਹਰੇ ਹੱਥ ਜੋੜੇ ਤਾਂ ਮੈਂ ਕੋਈ ਨਹੀਂ ਜਾਣਾ। ਜੇ ਹੁਕਮ ਦੇਣ ਤਾਂ ਭਾਵੇਂ ਦਸ ਸਾਲ ਹੀ ਪਹਾੜਾਂ ਵਿਚ ਰੱਖ ਲੈਣ। ਭਾਈ ਨੇ ਸਤਿਗੁਰਾਂ ਨੂੰ ਅਰਜ਼ ਕੀਤੀ। ਉਹਨਾਂ ਕਿਹਾ: ਜੇ ਘੱਲਾਂ ਗੇ ਤਾਂ ਜੁੱਤੀਆਂ ਨਾਲ ਹੀ ਘੱਲਾਂਗੇ। ਹੱਸਦੇ ਰਹੇ। ਸਾਨੂੰ ਦੋਹਾਂ ਨੂੰ ਬੁਲਾ ਕੇ ਆਖਿਆ: ਤੁਸਾਂ ਦੋਹਾਂ ਪਹਾੜਾਂ ਵਿਚ ਜਾਣਾ ਤੇ ਰਹਿਣਾ ਏਂ।

**ਸੁਕੇਤ (ਹਿ: ਪ੍ਰ:) ਨੂੰ:**

ਮਸਤਾਨ ਸਿੰਘ ਨੂੰ ਸਤਿਗੁਰਾਂ ਇਹ ਗੱਲ ਆਖੀ ਸੀ ਕਿ ਜਿਹੜੀ ਚਿੱਠੀ ਮੈਨੂੰ ਭੇਜੋ ਉਹਦੇ ਤੇ ਸਾਰਿਆਂ ਦੇ ਦਸਖ਼ਤ ਹੋਏ ਹੋਣ, ਉਹ ਚਿੱਠੀ ਮੈਂ ਮੰਨਣੀ ਏਂ। ਜਿਨ੍ਹਾਂ ਤੇ ਦਸਖ਼ਤ ਥੋੜ੍ਹੇ ਹੋਣਗੇ, ਉਹ ਨਹੀਂ ਮੰਨਣੀ। ਸਾਡੇ ਜ਼ਿੰਮੇ ਕੰਮ ਸੀ ਕਿ ਅਸਾਂ ਦੁਹਾਂ ਗਾਂ ਸਾਂਭਣੀ ਸੀ, ਹੋਰ ਕੰਮ ਨਹੀਂ ਸੀ ਤੇ ਉਂਜ ਸਭ ਕਾਸੇ ਦਾ ਧਿਆਨ ਰੱਖਣਾ (ਦੂਜੇ ਅਰਥਾਂ ਵਿਚ ਇਹ ਜਸੂਸੀ ਦਾ ਡਿਪਾਰਟਮੈਂਟ ਸੀ) ਏਥੋਂ ਤੁਰ ਕੇ ਗਏ ਸਰਹੰਦ। ਓਦੋਂ ਸਾਡੇ ਨਾਲ ਨਾ ਮਸਤਾਨ ਸਿੰਘ ਸੀ ਨਾ ਵਰਿਆਮ ਸਿੰਘ। ਓਦੋਂ ਸਾਂ ਮੈਂ, ਹਰਨਾਮ ਸਿੰਘ ਕੂੰਡਾ ਤੇ ਭਗਵਾਨ ਸਿੰਘ ਪਹਿਲਾ ਹੱਲਾ ਤਾਂ ਏਥੇ ਹੀ ਬੋਲ ਗਿਆ ਕਿ ਚੋਰ ਆ ਗਏ। ਉਹਨਾਂ ਮਾਰੀਆਂ ਦੋ ਡਾਂਗਾਂ। ਸਾਡਾ ਡੇਰਾ ਸੀ ਖੱਤਰੀਆਂ ਦੇ ਨਾਲ। ਉਹਨਾਂ ਥਾਂ ਥਾਂ ਕਰ ਦਿਤੀ। ਮੈਂ ਉਠਿਆ ਤੇ ਸੋਟਾ ਫੜ ਲਿਆ, ਭਗਵਾਨ ਸਿੰਘ ਨਾ ਉਠਿਆ। ਹਰਨਾਮ ਸਿੰਘ ਦੇ ਹੱਥ ਵੀ ਸੋਟਾ ਸੀ। ਚੋਰ ਤਾਂ ਨੱਠ ਗਏ। ਫਿਰ ਠਾਣੇਦਾਰ ਆ ਗਿਆ। ਸਾਨੂੰ ਦਬਾਣ ਲੱਗ ਪਿਆ। ਅਸਾਂ ਆਖਿਆ: ਅਸਾਂ ਤਾਂ ਆਪਣਾ ਘਰ ਸਾਂਭਿਆ ਏ।

ਏਥੋਂ ਅਗਲੇ ਦਿਨ ਅਸੀਂ ਤਾਂਗਿਆਂ 'ਤੇ ਰੋਪੜ ਗਏ। ਰੋਪੜੋਂ ਅਸਾਂ ਕੀਤੀਆਂ ਖੱਚਰਾਂ। ਅਗੇ ਅਸੀਂ ਇਕ ਘੁਮਿਆਰ ਦੇ ਘਰ ਰਹੇ। ਮਹਾਰਾਜ ਜਗਜੀਤ ਸਿੰਘ ਆਖਣ ਮੈਂ ਖੱਚਰ ਤੇ ਨਹੀਂ ਚੜ੍ਹਨਾ। ਓਦੋਂ ਇਹ ਅਜੇ ਪੌਣੇ ਤਿੰਨ ਕੁ ਸਾਲਾਂ ਦੇ ਸਨ। ਮੈਂ ਫਿਰ ਇਹਨਾਂ ਨੂੰ ਮੋਢੇ 'ਤੇ ਚੁੱਕ ਲਿਆ। ਓਥੋਂ ਅਸੀਂ ਗਏ ਸਵਾਰ ਘਾਟ। ਏਥੋਂ ਪਹੁੰਚੇ ਬਲਾਸਪੁਰ। ਫੇਰ ਖੱਡ ਲੰਘ ਕੇ ਚੰਦੀਪੁਰ ਰਹੇ। ਓਥੋਂ ਤੁਰੇ ਤਾਂ ਸੁਕੇਤ ਅੱਪੜ ਗਏ।

ਫਿਰ ਇਹ ਮੇਰੇ ਜ਼ਿੰਮੇ ਕੰਮ ਲਗ ਗਿਆ ਕਿ ਮੈਂ ਬੇਬੇ ਜੀ ਕੋਲ ਰਹਿਣਾ, ਮੈਂ ਹੀ ਉਹਨਾਂ ਦੇ ਬਸਤਰ ਧੋਣੇ, ਮੈਂ ਹੀ ਇਹਨਾਂ ਬਿਅੰਤ ਜੀ ਨੂੰ ਖਿਡਾਣਾ। ਵਰਿਆਮ ਸਿੰਘ ਨੇ ਗਾਂ ਸਾਂਭਣੀ। ਫਿਰ ਇਹਨਾਂ ਸਾਰਿਆਂ ਨੂੰ ਤਾਪ ਚੜ੍ਹਨ ਲੱਗ ਪਿਆ। ਤਾਪ ਵੀ ਏਨਾ ਚੜ੍ਹਿਆ ਕਿ ਬਿਨਾ ਬੇਬੇ ਜੀ ਤੋਂ ਕੋਈ ਨਹੀਂ ਸੀ ਬਚਿਆ।

ਰਿਹਾਇਸ਼ ਓਦੋਂ ਸੁਕੇਤ ਦੇ ਭੋਜਪੁਰ ਬਾਜ਼ਾਰ 'ਚੋਂ ਲੰਘ ਕੇ ਕੁਛ ਪੈਲੀਆਂ ਦੀ ਵਾਟ 'ਤੇ ਇਕ ਬੰਗਲਾ ਸੀ, ਉਸ ਜਗ੍ਹਾ ਸੀ। ਅੱਗੇ ਬੇਬੇ ਜੀ ਦੇ ਬਸਤਰ ਗੁਰਦਿਤੀ ਖੇਮੀ ਹੁਰੀਂ ਧੋਂਦੀਆਂ ਸਨ। ਉਹਨਾਂ ਦੇ ਬਿਮਾਰ ਹੋ ਜਾਣ ਨਾਲ ਫਿਰ ਬਸਤਰ ਮੈਂ ਧੋਣੇ ਸ਼ੁਰੂ ਕਰ ਦਿਤੇ। ਮੇਰੇ ਇਹ ਕੰਮ ਕਰਦਿਆਂ ਬਿਅੰਤ ਜੀ ਨੂੰ ਵੀ ਬੁਖਾਰ ਹੋਣਾ ਸ਼ੁਰੂ ਹੋ ਗਿਆ। ਬੁਖਾਰ ਏਨਾ ਜ਼ਬਰਦਸਤ ਕਿ ਦੰਦਣਾਂ ਪੈ ਪੈ ਜਾਂਦੀਆਂ ਸਨ। ਇਕ ਦਿਨ ਤਾਂ ਬੇਬੇ ਜੀ ਦੀ ਉਂਗਲ ਦੰਦਾਂ 'ਚੋਂ ਕੱਢਣ ਲਈ ਪੱਖੀ ਦੀ ਡੰਡੀ ਵੀ ਦੰਦਾਂ ਵਿਚ ਅੜਾਣੀ ਪਈ। ਲੰਗਰ ਪਾਣੀ ਵੀ ਅਸੀਂ ਆਪ ਹੀ ਕਰਦੇ ਸਾਂ, ਧਾਰਾ ਸਿੰਘ ਲਾਂਗਰੀ ਵੀ ਬਿਮਾਰ ਸੀ। ਫਿਰ ਇਕ ਦਿਨ ਮੈਨੂੰ ਬੇਬੇ ਜੀ ਆਖਿਆ: ਹੋਰ ਤਾਂ ਕੋਈ ਆਖੇ ਲਗਦਾ ਨਹੀਂ। ਤੂੰ ਹੀ ਜਾਹ ਤੇ ਮੁੜਕੇ ਆਈਂ। ਜਦੋਂ ਪ੍ਰਸ਼ਾਦ ਪਾਣੀ ਪਕਾ ਕੇ ਮੈਂ ਤਿਆਰ ਹੋ ਗਿਆ। 22 ਭਾਦਰੋਂ ਨੂੰ ਮੈਂ ਤੁਰਦਾ ਹਾਂ ਉਥੋਂ।

**ਚਲਦਾ...**

# A Girl Child

**Nirjit Kaur Panesar**

Sri Satguru Ram Singh Ji de isthri jaathi the parupkaar ginne nahi jaa sakde. They blessed the women of the Namdhari panth, breaking misogynistic and patriarchal traditions that long kept women inferior to men in the home and society.

Satguru Ram Singh Ji blessed women by making them equal to men, giving them amrit, banning practices such as killing girls, selling girls, sathi and child marriage. Satguru ji appointed a female Suba and women were also trained to participate in kirtan. They gave women equality in society and created the anand karj rasam which eradicated the substantial cost of weddings and demands of dowry that were the main reasons for girls being seen as a burden.

'Ladki Jede Sukh Dindi hai, oh ginne nahi jaa sakde' It was Satguru Ram Singh Ji's belief that the happiness and sukh that a daughter gives cannot be counted – she is priceless. Girls bless two houses in their life – do ghar vasaan de ne, both their parents house and in laws. Satguru Ji were very strict with anyone who killed their daughters - Hathi magar pende si, the loki bahuth dar jande si.

Satguru Ram Singh Ji's own daugthers were educated and able to do paath, shabad kirtan. They were not confined to just household chores.

Even after Satguru Ram Singh Ji's revolutionary changes in society to protect a girl and aurath, women were still being treated as 'per di jutthi' up until Satguru Jagjit Singh Ji's time. Societal pressures and backward thinking meant that girls were still not educated, allowed to work, participate in community events and even leave the house. Satguru Jagjit Singh ji de Gurgaddi the biraajmaan hon tak bibiya di thaa ghar de chaar diwaar thak hi seemat si.

It was Satguru Jagjit Singh Ji's belief that if both girls and boys possess good qualities and be good people, then families and societies will prosper and remain in peace and happiness. Satguru Ji ne bibiya nu padaya, likhaaya with the belief that if a man is educated, he only educates himself- but if a woman is educated, the whole family becomes educated and reaps the rewards.

Satguru Ji established the vidhyak jatha to rally and organise the youth. A separate bibya di jatha was formed in 1982 to enable girls and young women to learn about maryada, leadership qualities and participate in events. Teaching girls these qualities would empower them to raise their own children in this way, paving the way for equality and independent, educated girls.

Sri Satguru Ji raised their own daughter Biba Sahib Kaur to be a strong and capable woman. Biba ji was educated and taught societal values alongside gurbaani, bhajan bandagi and household chores. Women are now excelling in many male dominated professional fields by becoming writers,

doctors and lawyers to name a few. Girls of the family are now educated on the same level of their male siblings or even further. It was Satguru ji's vision that now gives girls a name in society and enables them to reach for the sky and break the glass ceiling. Yet despite this advancement in women's rights and societal value, to this day, girls are still seen as a burden and not equal to a boy.

The festival of lohri has just passed and families congratulate each other on the first lohri of a baby boy. However, if it is a baby girl, no congratulations are given – the girl is not even acknowledged. Imagine how a girl must feel when she is old enough to realise that the birth of her brother was celebrated, but not hers. In what way is she inferior to her brother? Why is she still seen as less than a boy in her own family? In families where there are multiple girls, the daughters openly witnesses their parents and family praying for a boy and only then their family will be complete. Why is a family still not complete in this day and age without a boy? Girls care for their parents as much as any boy does, so why is a boy so desperately needed?

Just recently, everyone was wishing our brother a happy birthday on WhatsApp. An elder female member of the family so proudly wrote a long message of congratulations that he is the first born and torchbearer of the family, even though he is not the first born – his eldest sister is. I could not comprehend why the eldest girl of the family was being completely disregarded as if she did not even exist. The eldest born girl has far exceeded her brothers and still makes the whole family proud even after being married for many years. Just because she is married into another family, it does not mean that she no longer exists in her parents' family.

When Sri Satguru Ji's Jagjit Singh Ji's grandson was born, people rushed to give their congratulations on a boy being born in the Guru pariwaar. Satguru ji very sternly said that if you didn't congratulate me when my daughter was born, then I don't want your congratulations now that a boy has been born.

Sri Satguru Uday Singh ji also preaches very strongly in their updesh that a girl is not inferior to a boy and a family with daughters is the most blessed. They receive so many requests to bless couples with a baby boy, because a family is not complete without a boy. Even if the parents are happy with daughters, society does not let them live. They are attacked with nasty comments about not having a son and the daughter in law is made to feel incompetent because she didn't give her in-laws a grandson, a waaris.

In a time where societal pressures and backward thinking still place a girl inferior to a boy, let us remember the revolutionary changes that Sri Satguru Ram Singh Ji made to protect girls and how Sri Satguru Jagjit Singh ji lead this movement forward by empowering girls to prosper further. Next time a girl is born in to your family, congratulate everyone in the same way you would if a boy were born. Be the change and spread the light.

.......................................................

# A Message to the Namdhari Youth

**Harbans Kaur Australia**

Being born into the Namdhari community is not just an inheritance of identity, but of responsibility. Yet many of us today quietly struggle-caught between respect for what we have received and uncertainty about how to live it meaningfully in a very different world, especially among youth residing abroad.

One of the challenges we face today is a growing generational gap, along with the presentation of Gurbani as a task rather than a truth to be understood. When understanding is missing, connection weakens, and spiritual practice slowly becomes mechanical. To address this, Satguru Uday Singh Ji continually reminds us, Gurbani is not merely recitation but lived wisdom; when approached with sincerity and understood from the core, it helps bridge gaps in knowledge and guides us towards a more meaningful way of life. Therefore, it becomes essential for us to reconsider our approach and engage with Gurbani in a deeper, more conscious, and meaningful way.

Distraction is another reality we cannot ignore. In today's generation shaped by social media and the constant influence of gossip and comparison our attention is pulled in many directions, leaving little room for stillness or reflection. In such an environment, motivation can easily fade, not because the path lacks depth, but because we are not always guided on how to walk it consciously. Recognising this challenge, Patsha Ji, along with the Namdhari leadership, has consistently organised meditation camps during Jap Prayog at Sri Bhaini Sahib, as well as in Bangalore. These initiatives create space for stillness, gently drawing the youth inward and addressing the increasingly common struggles around mental wellbeing.

At the same time, it is important to remember how deeply fortunate we are. Few communities have access to such a vast body of spiritual knowledge, preserved and explained through the leadership as of from SatguruJi's updesh's. These resources are not meant to burden us, but to guide us to rekindle interest, answer doubts, and give clarity where confusion exists. Satguru Uday Singh Ji's recent emphasis on open questioning is especially valuable. It reassures the youth that doubt is not weakness, but often the beginning of understanding. When questions are welcomed, confidence grows naturally.

Perhaps the most important shift we can make is in how we approach Gurbani not as a duty to finish, but as wisdom to enter. Learning its meaning transforms recitation into relationship. What once felt repetitive begins to feel relevant, even grounding.

We are part of something much larger than ourselves a living lineage shaped by sacrifice, clarity, and grace, and continually nurtured by the blessings and guidance of Satguru Jagjit Singh Ji and now Satguru Uday Singh Ji.

..........................................................

# ECHOES OF THE BELOVED

**Sharandeep Kaur**
sharandeepk266@gmail.com

ਨਾਨਕ ਨਾਮੁ ਜਹਾਜ ਹੈ, ਚੜ੍ਹੈ ਸੋ ਉਤਰੈ ਪਾਰ,
ਜੋ ਸ਼ਾਰਦਾ ਕਰਿ ਸੇਵਦੇ ਗੁਰ ਪਾਰ ਉਤਾਰਾ॥

Naam Simran is formed by combination of two words - 'Naam + Simran ' . Naam ...meaning name ....which is basis of our life . This name was given to us by Guru Nanak Dev ji by combining letters from each of the four ages of the life of the world in order to bless his pupils with a tool to easily cross this worldly ocean.'Simran' comes from Sanskrit word 'smaran' meaning repeatedly memorizing.

Satguru Jagjit Singh Ji used to give a very common example by mentioning that as Airconditioner's and heaters are helpful and comforting in summers and winters respectively, similarly ,It is the name of lord that is comforting throughout every phase of life . The Name of the Lord is forever the *Giver of peace*. Guru Arjan Dev ji mentions the power and prosperity of meditating lords name in the holy compose of Sukhmani Sahib Ji. Gurbani mentions one who calls himself a Sikh of the True Guru, shall rise in the early morning hours and meditate on the Lord's Name. It even mentions that Donations to charity, meditation and penance - above all of them is the Naam. Meditating on it, is the only act that can help in better spiritual evolution of human. Shri Satguru Ji mentions , Without the remembrance of the Name of the Lord, all the good deeds are of no account, being without an iota of the Grace of the Lord. Gurbani mentions Nanak's home is filled with the Naam, the Name of the Lord.

We have got this humanly body not just to enjoy , feed and decorate ourselves but to live in such a way by efficiently meditating on lords name to make our mission to this earth as individuals successful.

